# Punjab Government Gazette

## EXTRAORDINARY

*Published by Authority*

CHANDIGARH, WEDNESDAY, APRIL 15, 2026
(CHAITRA 25, 1948 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ I | **ਐਕਟ** | |
| | 1. ਪੰਜਾਬ ਰਾਜ ਇਸਤਰੀ ਕਮਿਸ਼ਨ ਐਕਟ, 2001 (2001 ਦਾ ਪੰਜਾਬ ਐਕਟ ਨੰ. 4) | ... 371-382 |
| | 2. ਸਰਦਾਰ ਬੇਅੰਤ ਸਿੰਘ ਰਾਜ ਯੂਨੀਵਰਸਿਟੀ ਐਕਟ, 2021 (2021 ਦਾ ਪੰਜਾਬ ਐਕਟ ਨੰ. 9) | ... 383-413 |
| ਭਾਗ II | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ III | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ IV | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


———

ਭਾਗ-1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 15 ਅਪ੍ਰੈਲ, 2026

ਨੰ: 30/ਭ.ਕ./2026.- ਪੰਜਾਬ ਰਾਜ ਇਸਤਰੀ ਕਮਿਸ਼ਨ ਐਕਟ, 2001 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 15th April, 2026

**No. 30/L.C./2026.**- The Translation in Punjabi of the Punjab State Commission for Women Act, 2001 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

**ਪੰਜਾਬ ਰਾਜ ਇਸਤਰੀ ਕਮਿਸ਼ਨ ਐਕਟ, 2001**

(2001 ਦਾ ਪੰਜਾਬ ਐਕਟ ਨੰ: 4)

ਪੰਜਾਬ ਰਾਜ ਵਿੱਚ ਇਸਤਰੀਆਂ ਦੇ ਰੁਤਬੇ ਨੂੰ ਸੁਧਾਰਨ ਦੀ ਦ੍ਰਿਸ਼ਟੀ ਨਾਲ ਅਤੇ ਇਸਤਰੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਅਣਉਚਿਤ ਆਚਾਰਾਂ ਦੀ ਪੜਤਾਲ ਕਰਨ ਅਤੇ ਇਸ ਨਾਲ ਤੱਲਕ ਰੱਖਦੇ ਜਾਂ ਅਨੁਸੰਗਕ ਮਾਮਲਿਆਂ ਲਈ ਇਸਤਰੀ ਰਾਜ ਕਮਿਸ਼ਨ ਦੇ ਗਠਨ ਦਾ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਬਵੰਜਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਪੰਜਾਬ ਰਾਜ ਇਸਤਰੀ ਕਮਿਸ਼ਨ ਐਕਟ, 2001 ਕਿਹਾ ਜਾ ਸਕੇਗਾ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) "ਕਮਿਸ਼ਨ" ਦਾ ਮਤਲਬ ਹੈ ਧਾਰਾ 3 ਅਧੀਨ ਗਠਤ ਪੰਜਾਬ ਰਾਜ ਇਸਤਰੀ ਕਮਿਸ਼ਨ;

(ਅ) "ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਦਾ ਸਮਾਜਿਕ ਸੁਰੱਖਿਆ ਅਤੇ ਇਸਤਰੀਆਂ ਅਤੇ ਬਾਲ ਵਿਕਾਸ ਵਿਭਾਗ;

(ੲ) "ਮੈਂਬਰ" ਦਾ ਮਤਲਬ ਹੈ ਕਮਿਸ਼ਨ ਦਾ ਮੈਂਬਰ ਅਤੇ ਇਸ ਵਿੱਚ ਚੇਅਰਪਰਸਨ, ਸੀਨੀਅਰ ਵਾਈਸ-ਚੇਅਰਪਰਸਨ, ਵਾਈਸ-ਚੇਅਰਪਰਸਨ ਅਤੇ ਮੈਂਬਰ ਸਕੱਤਰ ਸ਼ਾਮਲ ਹਨ;

(ਸ) "ਰਾਸ਼ਟਰੀ ਇਸਤਰੀ ਕਮਿਸ਼ਨ" ਦਾ ਮਤਲਬ ਹੈ ਰਾਸ਼ਟਰੀ ਇਸਤਰੀ ਕਮਿਸ਼ਨ ਐਕਟ, 1990 (1990 ਦਾ ਕੇਂਦਰੀ ਐਕਟ ਨੰ: 20) ਦੀ ਧਾਰਾ 3 ਅਧੀਨ ਗਠਤ ਰਾਸ਼ਟਰੀ ਇਸਤਰੀ ਕਮਿਸ਼ਨ;

(ਹ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ; ਅਤੇ

(ਕ) "ਇਸਤਰੀਆਂ" ਵਿੱਚ ਬੱਚੀ ਜਾਂ ਗਭਰੇਟ ਲੜਕੀ ਸ਼ਾਮਲ ਹੈ।

ਕਮਿਸ਼ਨ ਦਾ ਗਠਨ।

3. (1) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਅਧੀਨ ਇਸ ਨੂੰ ਪ੍ਰਦਾਨ ਕੀਤੀਆਂ ਸ਼ਕਤੀਆਂ ਦੀ ਵਰਤੋਂ ਕਰਨ ਅਤੇ ਇਸ ਨੂੰ ਸੌਂਪੇ ਗਏ ਕਾਜਕਾਰਾਂ ਨੂੰ ਨਿਭਾਉਣ ਲਈ ਪੰਜਾਬ ਰਾਜ ਇਸਤਰੀ ਕਮਿਸ਼ਨ ਵਜੋਂ ਜਾਣੀ ਜਾਂਦੀ ਇੱਕ ਬੌਡੀ ਗਠਤ ਕਰੇਗੀ।

(2) ਕਮਿਸ਼ਨ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗਾ:-

(ੳ) ਇੱਕ ਚੇਅਰਪਰਸਨ, ਜੋ ਸਰਕਾਰ ਦੁਆਰਾ ਨਾਮਜ਼ਦ ਕੀਤੀ ਜਾਣ ਵਾਲੀ ਇਸਤਰੀਆਂ ਦੇ ਨਮਿੱਤ ਵਚਨਬੱਧ ਇੱਕ ਉੱਘੀ ਇਸਤਰੀ ਹੋਵੇਗੀ;

(ੳੳ) ਇੱਕ ਸੀਨੀਅਰ ਵਾਈਸ-ਚੇਅਰਪਰਸਨ ਅਤੇ ਇੱਕ ਵਾਈਸ-ਚੇਅਰਪਰਸਨ, ਜੋ ਸਰਕਾਰ ਦੁਆਰਾ ਨਾਮਜ਼ਦ ਕੀਤੀਆਂ ਜਾਣ ਵਾਲੀਆਂ ਇਸਤਰੀਆਂ ਦੇ ਨਮਿੱਤ ਵਚਨਬੱਧ ਉੱਘੀਆਂ ਇਸਤਰੀਆਂ ਹੋਣਗੀਆਂ;

(ਅ) ਯੋਗਤਾ, ਦਿਆਨਤਦਾਰੀ ਅਤੇ ਤਜਰਬੇ ਵਾਲੇ ਵਿਅਕਤੀਆਂ ਵਿੱਚੋਂ ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਦਸ ਤੋਂ ਨ ਵੱਧ ਦੇ ਗੈਰ-ਸਰਕਾਰੀ ਮੈਂਬਰ, ਤਰਜੀਹੀ ਤੌਰ ਤੇ ਇਸਤਰੀਆਂ, ਜਿਨ੍ਹਾਂ ਨੇ ਇਸਤਰੀਆਂ ਦੇ ਹਿੱਤਾਂ ਦੀ ਸਿੱਧੀ ਕੀਤੀ ਹੈ ਜਾਂ ਜਿਨ੍ਹਾਂ ਨੂੰ ਕਾਨੂੰਨ ਜਾਂ ਵਿਧਾਨ, ਇਸਤਰੀਆਂ ਦੀ ਉੱਨਤੀ ਨਾਲ ਸਬੰਧਤ ਮਾਮਲਿਆਂ ਦੇ ਪ੍ਰਸ਼ਾਸਨ ਜਾਂ ਇਸਤਰੀਆਂ ਦੇ ਸਾਂਝੇ ਹਿੱਤਾਂ ਦੀ ਹਿਫ਼ਾਜ਼ਤ, ਉੱਨਤੀ ਅਤੇ ਤਰੱਕੀ ਲਈ ਇਸਤਰੀਆਂ ਲਈ ਕਿਸੇ ਟਰੇਡ ਯੂਨੀਅਨ ਜਾਂ ਸਵੈ-ਇੱਛਤ ਸੰਗਠਨ ਦੀ ਅਗਵਾਈ ਕਰਨ ਦਾ ਕਾਫ਼ੀ ਗਿਆਨ ਅਤੇ ਤਜਰਬਾ ਹੋਵੇ:

ਪਰੰਤੂ, ਘੱਟੋ-ਘੱਟ ਦੋ ਮੈਂਬਰ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਵਿੱਚੋਂ ਹੋਣਗੇ:

ਪਰੰਤੂ ਇਹ ਹੋਰ ਕਿ ਚੇਅਰਪਰਸਨ ਨੂੰ ਨਾਮਜ਼ਦ ਕਰਨ ਤੋਂ ਪਹਿਲਾਂ, ਸਰਕਾਰ ਪੰਜਾਬ ਰਾਜ ਦੇ ਇਸਤਰੀ ਸੰਗਠਨਾਂ ਨਾਲ ਮਸ਼ਵਰਾ ਕਰੇਗੀ;

(ੲ) ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਕਮਿਸ਼ਨ ਦਾ ਅਹੁਦੇ-ਕਾਰਨ ਮੈਂਬਰ ਹੋਵੇਗਾ;

(ਸ) ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ, ਕਮਿਸ਼ਨ ਦਾ ਅਹੁਦੇ-ਕਾਰਨ ਮੈਂਬਰ ਹੋਵੇਗਾ; ਅਤੇ

(ਹ) ਇੱਕ ਮੈਂਬਰ-ਸਕੱਤਰ, ਸਰਕਾਰ ਦੁਆਰਾ ਨਿਯੁਕਤ ਕੀਤਾ ਜਾਣ ਵਾਲਾ ਤਰਜੀਹੀ ਤੌਰ ਤੇ ਭਾਰਤੀ ਪ੍ਰਸ਼ਾਸਕੀ ਸੇਵਾ ਜਾਂ ਪੰਜਾਬ ਸਿਵਲ ਸੇਵਾ ਦੇ ਇਸਤਰੀ ਅਧਿਕਾਰੀਆਂ ਵਿੱਚੋਂ ਜੋ ਰਾਜ ਸਰਕਾਰ ਦੇ ਸੰਯੁਕਤ ਸਕੱਤਰ ਦੇ ਰੈਂਕ ਤੋਂ ਥੱਲੇ ਦਾ ਨ ਹੋਵੇ।

ਚੇਅਰਪਰਸਨ, ਸੀਨੀਅਰ ਵਾਈਸ ਚੇਅਰਪਰਸਨ, ਵਾਈਸ ਚੇਅਰਪਰਸਨ ਅਤੇ ਮੈਂਬਰਾਂ ਦੇ ਅਹੁਦੇ ਦੀ ਅਉਧ ਅਤੇ ਸੇਵਾ ਦੀਆਂ ਸ਼ਰਤਾਂ।

4. (1) ਚੇਅਰਪਰਸਨ, ਸੀਨੀਅਰ ਵਾਈਸ-ਚੇਅਰਪਰਸਨ, ਵਾਈਸ-ਚੇਅਰਪਰਸਨ ਅਤੇ ਹਰੇਕ ਗੈਰ-ਸਰਕਾਰੀ ਮੈਂਬਰ ਤਿੰਨ ਸਾਲਾਂ ਦੀ ਮੁੱਦਤ ਲਈ ਅਹੁਦਾ ਧਾਰਨ ਕਰੇਗਾ।

(2) ਚੇਅਰਪਰਸਨ ਜਾਂ ਸੀਨੀਅਰ ਵਾਈਸ-ਚੇਅਰਪਰਸਨ ਜਾਂ ਵਾਈਸ-ਚੇਅਰਪਰਸਨ ਜਾਂ ਗੈਰ-ਸਰਕਾਰੀ ਮੈਂਬਰ, ਕਿਸੇ ਸਮੇਂ ਵੀ, ਸਰਕਾਰ ਨੂੰ ਲਿਖਤੀ ਅਤੇ ਸੰਬੋਧਤ ਕਰਕੇ, ਚੇਅਰਪਰਸਨ ਦੇ ਅਹੁਦੇ ਜਾਂ ਸੀਨੀਅਰ

ਵਾਈਸ-ਚੇਅਰਪਰਸਨ ਦੇ ਅਹੁਦੇ ਜਾਂ ਵਾਈਸ-ਚੇਅਰਪਰਸਨ ਦੇ ਅਹੁਦੇ ਜਾਂ ਮੈਂਬਰ ਦੇ ਅਹੁਦੇ ਤੋਂ, ਜਿਹੀ ਕਿ ਸੂਰਤ ਹੋਵੇ, ਅਸਤੀਫ਼ਾ ਦੇ ਸਕੇਗਾ।

(3) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸਰਕਾਰ ਚੇਅਰਪਰਸਨ ਜਾਂ ਸੀਨੀਅਰ ਵਾਈਸ-ਚੇਅਰਪਰਸਨ ਜਾਂ ਵਾਈਸ-ਚੇਅਰਪਰਸਨ ਜਾਂ ਮੈਂਬਰ ਦੇ ਅਹੁਦੇ ਤੋਂ ਵਿਅਕਤੀ ਨੂੰ ਹਟਾ ਸਕੇਗੀ, ਜੇ, ਉਹ ਵਿਅਕਤੀ,-

(ੳ) ਅਮੁੱਕਤ ਦਿਵਾਲੀਆ ਹੋ ਜਾਂਦਾ ਹੈ;

(ਅ) ਕਿਸੇ ਅਜਿਹੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਜਾਂਦਾ ਹੈ ਅਤੇ ਉਸ ਨੂੰ ਕੈਦ ਦਾ ਦੰਡ ਦਿੱਤਾ ਜਾਂਦਾ ਹੈ, ਜੋ ਸਰਕਾਰ ਦੀ ਰਾਏ ਵਿੱਚ, ਸਦਾਚਾਰਕ ਗਿਰਾਵਟ ਵਾਲਾ ਹੈ;

(ੲ) ਵਿਗੜ-ਚਿੱਤ ਹੋ ਗਿਆ ਹੈ ਅਤੇ ਕਿਸੇ ਸ਼ਕਤਵਾਨ ਅਦਾਲਤ ਦੁਆਰਾ ਉਸ ਨੂੰ ਅਜਿਹਾ ਐਲਾਨਿਆ ਹੋਵੇ;

(ਸ) ਕਾਰਜ ਕਰਨ ਤੋਂ ਇਨਕਾਰ ਕਰਦਾ ਹੈ ਜਾਂ ਕਾਰਜ ਕਰਨ ਦੇ ਅਸਮਰੱਥ ਹੋ ਜਾਂਦਾ ਹੈ;

(ਹ) ਕਮਿਸ਼ਨ ਤੋਂ ਗੈਰ-ਹਾਜ਼ਰੀ ਦੀ ਛੁੱਟੀ ਲਏ ਬਿਨਾਂ, ਕਮਿਸ਼ਨ ਦੀਆਂ ਲਗਾਤਾਰ ਤਿੰਨ ਇਕੱਤਰਤਾਵਾਂ ਤੋਂ ਗੈਰ-ਹਾਜ਼ਰ ਰਹਿੰਦਾ ਹੈ; ਅਤੇ

(ਕ) ਸਰਕਾਰ ਦੀ ਰਾਏ ਵਿੱਚ, ਚੇਅਰਪਰਸਨ ਜਾਂ ਸੀਨੀਅਰ ਵਾਈਸ-ਚੇਅਰਪਰਸਨ ਜਾਂ ਵਾਈਸ-ਚੇਅਰਪਰਸਨ ਜਾਂ ਮੈਂਬਰ ਦੀ ਹੈਸੀਅਤ ਦੀ ਇਸ ਤਰ੍ਹਾਂ ਦੁਰਵਰਤੋਂ ਕਰਦਾ ਹੈ ਜਿਸ ਨਾਲ ਉਸ ਵਿਅਕਤੀ ਦਾ ਅਹੁਦੇ ਤੇ ਬਣੇ ਰਹਿਣਾ ਲੋਕ ਹਿੱਤ ਲਈ ਹਾਨੀਕਾਰਕ ਬਣ ਜਾਂਦਾ ਹੈ ਜਾਂ ਅਜਿਹੇ ਚੇਅਰਪਰਸਨ ਜਾਂ ਸੀਨੀਅਰ ਵਾਈਸ-ਚੇਅਰਪਰਸਨ ਜਾਂ ਵਾਈਸ-ਚੇਅਰਪਰਸਨ ਜਾਂ ਮੈਂਬਰ ਵਜੋਂ ਬਣੇ ਰਹਿਣ ਦੇ ਹੋਰ ਤਰ੍ਹਾਂ ਅਯੋਗ ਹੈ ਜਾਂ ਅਢੁੱਕਵਾਂ ਹੈ:

ਪਰੰਤੂ ਇਸ ਖੰਡ ਅਧੀਨ ਕੋਈ ਵਿਅਕਤੀ ਤਦ ਤੱਕ ਨਹੀਂ ਹਟਾਇਆ ਜਾਵੇਗਾ ਜਦ ਤੱਕ ਉਸ ਵਿਅਕਤੀ ਨੂੰ ਉਸ ਮਾਮਲੇ ਵਿੱਚ ਸੁਣਵਾਈ ਦਾ ਵਾਜਬ ਮੌਕਾ ਨ ਦੇ ਦਿੱਤਾ ਗਿਆ ਹੋਵੇ।

(4) ਉਪ-ਧਾਰਾ (2) ਜਾਂ ਉਪ-ਧਾਰਾ (3) ਜਾਂ ਕਿਸੇ ਹੋਰ ਤਰੀਕੇ ਨਾਲ ਖ਼ਾਲੀ ਹੋਈ ਅਸਾਮੀ, ਜਿੰਨੀ ਛੇਤੀ ਹੋ ਸਕੇ, ਸਰਕਾਰ ਦੁਆਰਾ ਨਵੀਂ ਨਾਮਜ਼ਦਗੀ ਰਾਹੀਂ ਭਰੀ ਜਾਵੇਗੀ; ਅਤੇ ਇਸ ਤਰ੍ਹਾਂ ਨਾਮਜ਼ਦ ਕੀਤਾ ਗਿਆ ਵਿਅਕਤੀ, ਉਸ

ਵਿਅਕਤੀ ਦੇ ਜਿਸ ਦੀ ਖ਼ਾਲੀ ਹੋਈ ਅਸਾਮੀ ਤੇ ਅਜਿਹੇ ਵਿਅਕਤੀ ਦੀ ਨਾਮਜ਼ਦਗੀ ਕੀਤੀ ਗਈ ਹੈ, ਅਹੁਦੇ ਦੀ ਬਾਕੀ ਰਹਿੰਦੀ ਅਉਧ ਲਈ ਅਹੁਦਾ ਧਾਰਨ ਕਰੇਗਾ, ਜਿੰਨੀ ਮਿਆਦ ਲਈ ਉਹ ਅਹੁਦਾ ਧਾਰਨ ਕਰਦਾ ਹੁੰਦਾ, ਜੇ ਅਸਾਮੀ ਖ਼ਾਲੀ ਨਾ ਹੋਈ ਹੁੰਦੀ:

ਪਰੰਤੂ ਜੇ ਚੇਅਰਪਰਸਨ, ਸੀਨੀਅਰ ਵਾਈਸ-ਚੇਅਰਪਰਸਨ ਜਾਂ ਵਾਈਸ-ਚੇਅਰਪਰਸਨ ਤੋਂ ਬਿਨ੍ਹਾਂ ਕਿਸੇ ਹੋਰ ਮੈਂਬਰ ਦੀ ਅਸਾਮੀ ਮੈਂਬਰ ਦੇ ਅਹੁਦੇ ਦੀ ਅਉਧ ਗੁਜ਼ਰਨ ਦੀ ਤਰੀਕ ਤੋਂ ਛੇ ਮਹੀਨੇ ਪਹਿਲਾਂ ਖ਼ਾਲੀ ਹੁੰਦੀ ਹੈ ਤਾਂ ਉਹ ਅਸਾਮੀ ਨਹੀਂ ਭਰੀ ਜਾਵੇਗੀ।

(5) ਚੇਅਰਪਰਸਨ, ਸੀਨੀਅਰ ਵਾਈਸ-ਚੇਅਰਪਰਸਨ, ਵਾਈਸ-ਚੇਅਰਪਰਸਨ ਅਤੇ ਮੈਂਬਰਾਂ ਦਾ ਅਹੁਦਾ ਧਾਰਨ ਕਰਨ ਲਈ ਮਾਨ-ਭੱਤਾ, ਜੇ ਕੋਈ ਹੋਵੇ, ਅਤੇ ਅਦਾਇਗੀਯੋਗ ਭੱਤੇ ਅਤੇ ਸੇਵਾ ਦੇ ਹੋਰ ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ, ਜੋ ਮੁਕੱਰਰ ਕੀਤੀਆਂ ਜਾਣ।

ਕਮਿਸ਼ਨ ਦੇ ਅਧਿਕਾਰੀ ਅਤੇ ਹੋਰ ਕਰਮਚਾਰੀ।

5. (1) ਸਰਕਾਰ, ਕਮਿਸ਼ਨ ਨੂੰ ਅਜਿਹੇ ਅਧਿਕਾਰੀ ਅਤੇ ਕਰਮਚਾਰੀ ਮੁਹੱਈਆ ਕਰਵਾਏਗੀ, ਜੋ ਸਰਕਾਰ ਦੀ ਰਾਏ ਵਿੱਚ ਇਸ ਐਕਟ ਅਧੀਨ ਕਮਿਸ਼ਨ ਦੇ ਕਾਜਕਾਰਾਂ ਨੂੰ ਕੁਸ਼ਲਤਾ ਨਾਲ ਨਿਭਾਉਣ ਲਈ ਜ਼ਰੂਰੀ ਹੋਣ।

(2) ਕਮਿਸ਼ਨ ਦੇ ਪ੍ਰਯੋਜਨ ਲਈ ਨਿਯੁਕਤ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਨੂੰ ਅਦਾਇਗੀਯੋਗ ਤਨਖਾਹ ਅਤੇ ਭੱਤੇ ਅਤੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ ਜੋ ਮੁਕੱਰਰ ਕੀਤੀਆਂ ਜਾਣ।

ਤਨਖਾਹ ਅਤੇ ਭੱਤਿਆਂ ਦਾ ਗਰਾਂਟਾਂ ਵਿੱਚੋਂ ਅਦਾ ਕੀਤਾ ਜਾਣਾ।

6. ਚੇਅਰਪਰਸਨ, ਸੀਨੀਅਰ ਵਾਈਸ-ਚੇਅਰਪਰਸਨ, ਵਾਈਸ-ਚੇਅਰਪਰਸਨ ਅਤੇ ਮੈਂਬਰਾਂ ਨੂੰ ਅਦਾਇਗੀਯੋਗ ਮਾਨ-ਭੱਤਾ ਅਤੇ ਭੱਤੇ ਅਤੇ ਪ੍ਰਸ਼ਾਸਕੀ ਖਰਚੇ ਜਿਸ ਵਿੱਚ ਧਾਰਾ 5 ਵਿੱਚ ਹਵਾਲਾ ਦਿੱਤੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਨੂੰ ਅਦਾਇਗੀਯੋਗ ਤਨਖਾਹਾਂ, ਭੱਤੇ ਅਤੇ ਪੈਨਸ਼ਨਾਂ ਸ਼ਾਮਲ ਹਨ, ਧਾਰਾ 16 ਵਿੱਚ ਹਵਾਲਾ ਦਿੱਤੀਆਂ ਗਰਾਂਟਾਂ ਵਿੱਚੋਂ ਅਦਾ ਕੀਤੇ ਜਾਣਗੇ।

ਖ਼ਾਲੀ ਥਾਵਾਂ ਆਦਿ ਕਾਰਨ ਕਮਿਸ਼ਨ ਦੀਆਂ ਕਾਰਵਾਈਆਂ ਦਾ ਨਾਜਾਇਜ਼ ਨਾ ਹੋਣਾ।

7. ਕਮਿਸ਼ਨ ਦਾ ਕੋਈ ਕਾਰਜ ਜਾਂ ਕਾਰਵਾਈ ਸਿਰਫ਼ ਕਮਿਸ਼ਨ ਵਿੱਚ ਕਿਸੇ ਖ਼ਾਲੀ ਅਸਾਮੀ ਦੀ ਮੌਜੂਦਗੀ ਜਾਂ ਇਸਦੇ ਗਠਨ ਵਿੱਚ ਕਿਸੇ ਤਰੁੱਟੀ, ਜਾਂ ਚੇਅਰਪਰਸਨ, ਸੀਨੀਅਰ ਵਾਈਸ-ਚੇਅਰਪਰਸਨ, ਵਾਈਸ-ਚੇਅਰਪਰਸਨ ਅਤੇ ਮੈਂਬਰਾਂ ਵਜੋਂ ਕਾਰਜ ਕਰ ਰਹੇ ਵਿਅਕਤੀ ਦੀ ਨਾਮਜ਼ਦਗੀ ਵਿੱਚ ਕੋਈ ਤਰੁੱਟੀ ਜਾਂ ਕਮਿਸ਼ਨ ਦੇ ਜ਼ਾਬਤੇ ਵਿੱਚ ਕੋਈ ਬੇਕਾਇਦਗੀ ਦੇ ਆਧਾਰ ਤੇ ਨਾਜਾਇਜ਼ ਨਹੀਂ ਹੋਵੇਗੀ, ਜਾਂ ਸਵਾਲ ਨਹੀਂ ਉਠਾਇਆ ਜਾਵੇਗਾ ਜਿਸ ਵਿੱਚ ਇਕੱਤਰਤਾ ਕਰਨ ਲਈ ਨੋਟਿਸ ਜਾਰੀ ਕਰਨਾ ਸ਼ਾਮਲ ਹੈ ਜੋ ਮਾਮਲੇ ਦੇ ਗੁਣਾਂ ਤੇ ਪ੍ਰਭਾਵ ਨਹੀਂ ਪਾਉਂਦਾ।

ਕਮਿਸ਼ਨ ਦੀਆਂ ਕਮੇਟੀਆਂ।

8. (1) ਕਮਿਸ਼ਨ ਅਜਿਹੀ ਕਮੇਟੀ ਜਾਂ ਕਮੇਟੀਆਂ ਗਠਤ ਕਰ ਸਕੇਗਾ ਜੋ ਕਾਜਕਾਰਾਂ ਦੇ ਕੁਸ਼ਲਤਾ ਨਾਲ ਨਿਭਾਉਣ, ਸ਼ਕਤੀਆਂ ਦੀ ਵਰਤੋਂ ਕਰਨ ਅਤੇ ਇਸ ਦੇ

ਕਰਤੱਵਾਂ ਦਾ ਨਿਸਤਾਰਾ ਕਰਨ ਲਈ ਅਤੇ ਅਜਿਹੇ ਵਿਵਾਦਾਂ ਨਾਲ ਨਜਿੱਠਣ ਲਈ ਵੀ ਜੋ ਸਮੇਂ ਸਮੇਂ ਤੇ ਕਮਿਸ਼ਨ ਦੁਆਰਾ ਚੁੱਕੇ ਜਾਣ, ਲਈ ਜ਼ਰੂਰੀ ਸਮਝੇ ਜਾਣ।

(2) ਕਮਿਸ਼ਨ ਨੂੰ ਉਪ-ਧਾਰਾ (1) ਅਧੀਨ ਗਠਤ ਕਮੇਟੀ ਜਾਂ ਕਮੇਟੀਆਂ ਵਿੱਚ, ਜਿਹੀ ਕਿ ਸੂਰਤ ਹੋਵੇ, ਇੱਕ ਜਾਂ ਵੱਧ ਵਿਅਕਤੀਆਂ ਨੂੰ, ਜਿਵੇਂ ਇਹ ਉਚਿਤ ਸਮਝੇ, ਨਿਯੁਕਤ ਕਰਨ ਦੀ ਸ਼ਕਤੀ ਹੋਵੇਗੀ ਅਤੇ ਅਜਿਹੇ ਵਿਅਕਤੀ ਜਾਂ ਵਿਅਕਤੀਆਂ ਨੂੰ ਜੋ ਕਮਿਸ਼ਨ ਦੇ ਮੈਂਬਰ ਨਹੀਂ ਹਨ, ਕਮੇਟੀ ਦੀਆਂ ਇਕੱਤਰਤਾਵਾਂ ਵਿੱਚ ਹਾਜ਼ਰ ਹੋਣ ਅਤੇ ਇਸ ਦੀਆਂ ਕਾਰਵਾਈਆਂ ਵਿੱਚ ਭਾਗ ਲੈਣ ਦਾ ਅਧਿਕਾਰ ਹੋਵੇਗਾ, ਪਰ ਉਨ੍ਹਾਂ ਨੂੰ ਵੋਟ ਦੇਣ ਦਾ ਅਧਿਕਾਰ ਨਹੀਂ ਹੋਵੇਗਾ।

(3) ਇਸ ਤਰ੍ਹਾਂ ਨਿਯੁਕਤ ਕੀਤਾ ਗਿਆ ਵਿਅਕਤੀ, ਕਮੇਟੀ ਦੀਆਂ ਇਕੱਤਰਤਾਵਾਂ ਵਿੱਚ ਹਾਜ਼ਰੀ ਲਈ ਅਜਿਹੇ ਭੱਤੇ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ, ਜੋ ਮੁਕੱਰਰ ਕੀਤੇ ਜਾਣ।

(4) ਕਮਿਸ਼ਨ ਆਪਣੀਆਂ ਕਿਸੇ ਵੀ ਇਕੱਤਰਤਾਵਾਂ ਵਿੱਚ ਰਾਸ਼ਟਰੀ ਇਸਤਰੀ ਕਮਿਸ਼ਨ ਦੇ ਕਿਸੇ ਪ੍ਰਤੀਨਿਧ ਨੂੰ ਸੱਦ ਸਕੇਗਾ ਜਾਂ ਖੁਦ ਨਾਲ, ਅਜਿਹੇ ਤਰੀਕੇ ਨਾਲ ਅਤੇ ਅਜਿਹੇ ਪ੍ਰਯੋਜਨ ਲਈ, ਕਿਸੇ ਵਿਅਕਤੀ ਨੂੰ ਸਹਿਯੁਕਤ ਕਰ ਸਕੇਗਾ, ਜਿਵੇਂ ਇਹ ਜ਼ਰੂਰੀ ਸਮਝੇ, ਜਿਸ ਦੀ ਸਹਾਇਤਾ ਜਾਂ ਸਲਾਹ ਉਸ ਨੂੰ ਇਸ ਐਕਟ ਦੇ ਕਿਸੇ ਉਪਬੰਧਾਂ ਦੀ ਪਾਲਣਾ ਕਰਨ ਲਈ ਜਾਂ ਇਸ ਐਕਟ ਅਧੀਨ ਉਸ ਦੇ ਕਿਸੇ ਕਾਜਕਾਰ ਨੂੰ ਸਿਰੇ ਚੜ੍ਹਾਉਣ ਲਈ ਲੋੜ ਹੋਵੇ; ਅਤੇ ਇਸ ਤਰ੍ਹਾਂ ਸੱਦੇ ਜਾਂ ਸਹਿਯੁਕਤ ਹੋਏ ਵਿਅਕਤੀ ਨੂੰ ਕਮਿਸ਼ਨ ਦੇ ਵਿਚਾਰ-ਵਟਾਂਦਰੇ ਵਿੱਚ ਭਾਗ ਲੈਣ ਦਾ ਅਧਿਕਾਰ ਹੋਵੇਗਾ ਪਰੰਤੂ ਉਸ ਨੂੰ ਵੋਟ ਦੇਣ ਦਾ ਅਧਿਕਾਰ ਨਹੀਂ ਹੋਵੇਗਾ।

ਕਮਿਸ਼ਨ ਦੁਆਰਾ ਵਿਨਿਯਮਤ ਕੀਤਾ ਜਾਣ ਵਾਲਾ ਜ਼ਾਬਤਾ।

9. (1) ਕਮਿਸ਼ਨ ਜਾਂ ਉਸ ਦੀ ਕਮੇਟੀ ਅਜਿਹੇ ਸਮੇਂ ਅਤੇ ਸਥਾਨ 'ਤੇ ਆਪਣੀ ਇਕੱਤਰਤਾ ਕਰਨਗੇ ਜਿਵੇਂ ਚੇਅਰਪਰਸਨ ਉਚਿਤ ਸਮਝੇ।

(2) ਕਮਿਸ਼ਨ ਆਪਣਾ ਖੁਦ ਦਾ ਜ਼ਾਬਤਾ ਅਤੇ ਉਸ ਦੀਆਂ ਕਮੇਟੀਆਂ ਦਾ ਜ਼ਾਬਤਾ ਵਿਨਿਯਮਤ ਕਰੇਗਾ।

(3) ਕਮਿਸ਼ਨ ਦੇ ਸਾਰੇ ਹੁਕਮ ਅਤੇ ਫ਼ੈਸਲੇ ਮੈਂਬਰ-ਸਕੱਤਰ ਜਾਂ ਸਕੱਤਰ ਦੁਆਰਾ ਇਸ ਦੇ ਨਮਿੱਤ ਠੀਕ ਤੌਰ ਤੇ ਅਖ਼ਤਿਆਰਤ ਕਮਿਸ਼ਨ ਦੇ ਕਿਸੇ ਹੋਰ ਅਫ਼ਸਰ ਦੁਆਰਾ ਪ੍ਰਮਾਣੀਕ ਕੀਤੇ ਜਾਣਗੇ।

ਕਮਿਸ਼ਨ ਦੀਆਂ ਸ਼ਕਤੀਆਂ ਅਤੇ ਕਾਜਕਾਰ।

10. (1) ਕਮਿਸ਼ਨ ਨੂੰ, ਇਸ ਐਕਟ ਅਧੀਨ ਕਿਸੇ ਮਾਮਲੇ ਅਤੇ, ਖ਼ਾਸ ਕਰਕੇ ਹੇਠ-ਲਿਖੇ ਮਾਮਲਿਆਂ ਦੇ ਬਾਰੇ ਤਫ਼ਤੀਸ਼ ਕਰਦੇ ਸਮੇਂ ਉਹ ਸਭ ਸ਼ਕਤੀਆਂ ਹੋਣਗੀਆਂ ਜੋ ਦਾਵੇ ਤੇ ਵਿਚਾਰ ਕਰਦੇ ਸਮੇਂ ਦੀਵਾਨੀ ਅਦਾਲਤ ਕੋਲ ਹੁੰਦੀਆਂ ਹਨ, ਅਰਥਾਤ:-

(ੳ) ਕਿਸੇ ਵਿਅਕਤੀ ਨੂੰ ਤਲਬ ਕਰਨਾ ਅਤੇ ਹਾਜ਼ਰ ਕਰਵਾਉਣਾ ਅਤੇ ਉਸ ਦੀ ਸਹੁੰ ਤੇ ਪਰਖ ਕਰਨਾ;

(ਅ) ਕਿਸੇ ਦਸਤਾਵੇਜ਼ ਨੂੰ ਪ੍ਰਗਟ ਕਰਨ ਅਤੇ ਪੇਸ਼ ਕਰਨਾ ਲੋੜਨਾ;

(ੲ) ਹਲਫ਼ੀਆ ਬਿਆਨਾਂ ਤੇ ਸ਼ਹਾਦਤ ਲੈਣਾ;

(ਸ) ਕਿਸੇ ਅਦਾਲਤ ਜਾਂ ਦਫ਼ਤਰ ਤੋਂ ਕਿਸੇ ਲੋਕ ਰਿਕਾਰਡ ਜਾਂ ਉਸ ਦੀ ਨਕਲ ਦੀ ਮੰਗ ਕਰਨਾ;

(ਹ) ਗਵਾਹਾਂ ਅਤੇ ਦਸਤਾਵੇਜ਼ਾਂ ਦੀ ਪਰਖ ਕਰਨ ਲਈ ਕਮਿਸ਼ਨ ਜਾਰੀ ਕਰਨਾ; ਅਤੇ

(ਕ) ਕੋਈ ਹੋਰ ਮਾਮਲਾ ਜੋ ਮੁਕੱਰਰ ਕੀਤਾ ਜਾਵੇ।

(2) ਕਮਿਸ਼ਨ ਹੇਠ-ਲਿਖੇ ਸਾਰੇ ਜਾਂ ਉਨ੍ਹਾਂ ਵਿੱਚੋਂ ਕੋਈ ਕਾਜਕਾਰਾਂ ਨੂੰ ਨਿਭਾਏਗਾ, ਅਰਥਾਤ:-

(i) ਇਸਤਰੀਆਂ ਨੂੰ ਪ੍ਰਭਾਵਿਤ ਕਰਦੀਆਂ ਵਿਧਾਨਿਕ ਅਤੇ ਵਿਕਾਸਮਾਨ ਨੀਤੀਆਂ ਤੇ ਸਰਕਾਰ ਨੂੰ ਸਲਾਹ ਦੇਣਾ;

(ii) ਆਮ ਤੌਰ ਤੇ ਇਸਤਰੀਆਂ ਅਤੇ ਖ਼ਾਸ ਕਰਕੇ ਉਨ੍ਹਾਂ ਵਿੱਚੋਂ ਗਰੀਬ ਇਸਤਰੀਆਂ ਦੇ ਸੰਵਿਧਾਨਿਕ ਅਤੇ ਕਾਨੂੰਨੀ ਅਧਿਕਾਰਾਂ ਦੀ ਹਿਫ਼ਾਜ਼ਤ ਕਰਨ ਲਈ ਸਰਕਾਰ ਅਤੇ ਲੋਕ ਪੱਧਰ 'ਤੇ ਜ਼ਰੂਰੀ ਕਦਮ ਚੁੱਕਣਾ;

(iii) ਇਸਤਰੀਆਂ ਨਾਲ ਸਬੰਧਤ ਕਾਨੂੰਨਾਂ ਅਤੇ ਭਲਾਈ ਉਪਾਵਾਂ ਦੇ ਪਰਿਪਾਲਣ ਦਾ ਨਿਰੀਖਣ ਕਰਨਾ ਅਤੇ ਇਸਤਰੀਆਂ ਦੇ ਰੁਤਬੇ ਨੂੰ ਬਿਹਤਰ ਬਣਾਉਣ ਲਈ ਕਾਨੂੰਨੀ ਅਤੇ ਪ੍ਰਸ਼ਾਸਕੀ ਸੁਧਾਰਾਂ ਲਈ ਕਾਰਵਾਈ ਆਰੰਭ ਕਰਨਾ;

(iv) ਇਸਤਰੀਆਂ ਨਾਲ ਵਿਤਕਰਾ ਅਤੇ ਉਤਪੀੜਨ ਤੇ ਸਵੈ-ਪ੍ਰੇਰਣਾ ਜਾਂ ਸ਼ਿਕਾਇਤ ਤੇ ਤਫ਼ਤੀਸ਼ ਕਰਨਾ ਅਤੇ ਸਰਕਾਰ ਨੂੰ ਉਪਚਾਰਕ ਕਾਰਵਾਈ ਦੀ ਸਿਫ਼ਾਰਸ਼ ਕਰਨਾ ਅਤੇ ਜਿੱਥੇ ਕਿਤੇ ਪ੍ਰਭਾਵੀ ਉਪਰਾਲੇ ਕਰਨ ਲਈ ਜ਼ਰੂਰੀ ਹੋਵੇ ਉਸ ਤੇ ਨਿਆਂਇਕ ਕਾਰਵਾਈ ਆਰੰਭ ਕਰਨਾ;

(v) ਇਸਤਰੀਆਂ ਦੀਆਂ ਸਮੱਸਿਆਵਾਂ ਬਾਰੇ ਅਧਿਐਨ ਅਤੇ ਖੋਜ ਦਾ ਸੰਚਾਲਨ ਕਰਨਾ ਅਤੇ ਮੁਨਾਸਬ ਕਾਰਵਾਈ ਲਈ ਸਰਕਾਰ ਨੂੰ ਉਹੀ ਰਿਪੋਟ ਕਰਨਾ;

(vi) ਇਸਤਰੀਆਂ ਵਿਰੁੱਧ ਕੀਤੇ ਗਏ ਅਪਰਾਧਾਂ ਵਿੱਚ ਮੁਕੱਦਮਾ ਚਲਾਉਣ ਦੀ ਮੰਗ ਕਰਨਾ ਅਤੇ ਸ਼ਹਾਦਤ ਅਤੇ ਕਾਨੂੰਨੀ ਸੇਵਾਵਾਂ ਨਾਲ ਮੁਕੱਦਮੇ ਵਿੱਚ ਸਹਾਇਤਾ ਕਰਨਾ;

(vii) ਇਸਤਰੀਆਂ ਨੂੰ ਪ੍ਰਦਾਨ ਕੀਤੀਆਂ ਜਾਂਦੀਆਂ ਸਹੂਲਤਾਂ ਅਤੇ ਇਲਾਜ ਦਾ ਪਤਾ ਲਗਾਉਣ ਲਈ ਥਾਣਿਆਂ, ਹਵਾਲਾਤਾਂ, ਉਪ-ਜੇਲ੍ਹਾਂ, ਬਚਾਉ ਘਰਾਂ ਜਾਂ ਹਿਰਾਸਤ ਦੀਆਂ ਹੋਰ ਥਾਵਾਂ

ਦਾ ਜਿੱਥੇ ਇਸਤਰੀਆਂ ਨੂੰ ਰੱਖਿਆ ਜਾਂਦਾ ਹੈ, ਨਿਰੀਖਣ ਕਰਨਾ ਅਤੇ ਮੁਨਾਸਬ ਅਥਾਰਟੀਆਂ ਤੋਂ ਉਪਚਾਰਕ ਕਾਰਵਾਈ ਚਾਹੁਣਾ;

(viii) ਆਮ ਤੌਰ ਤੇ ਇਸਤਰੀਆਂ ਦੇ ਸਮੂਹਾਂ ਅਤੇ ਖ਼ਾਸ ਤੌਰ ਤੇ ਕਿਸੇ ਇਸਤਰੀ ਦੇ ਵਿਅਕਤੀਗਤ ਮਾਮਲੇ ਵਿੱਚ, ਜੋ ਅਨਿਆਂ ਜਾਂ ਵਿਤਕਰੇ ਤੋਂ ਪੀੜਤ ਹੈ, ਦੇ ਨਮਿੱਤ ਲੋਕ ਹਿੱਤ ਮੁਕੱਦਮੇ ਦਾ ਸੰਚਾਲਨ ਕਰਨਾ; ਅਤੇ ਹੱਕੀ ਮਾਮਲਿਆਂ ਵਿੱਚ ਕਾਨੂੰਨੀ ਸਹਾਇਤਾ ਅਤੇ ਮੁੜ ਵਸੇਬੇ ਦਾ ਪ੍ਰਬੰਧ ਕਰਨਾ;

(ix) ਵਿਆਹ ਸਬੰਧੀ ਵਿਵਾਦਾਂ ਵਿੱਚ ਨਿਆਂ ਯਕੀਨੀ ਬਣਾਉਣ ਲਈ ਇਸਤਰੀਆਂ ਦੇ ਨਮਿੱਤ ਅਦਾਲਤਾਂ ਤੱਕ ਪਹੁੰਚ ਕਰਨਾ ਅਤੇ ਸਹਾਇਤਾ ਕਰਨਾ;

(x) ਸੰਵਿਧਾਨ ਅਤੇ ਹੋਰ ਕਾਨੂੰਨਾਂ ਦੇ ਅਧੀਨ ਇਸਤਰੀਆਂ ਲਈ ਉਪਬੰਧਤ ਕੀਤੇ ਬਚਾਵਾਂ ਨਾਲ ਸਬੰਧਤ ਸਾਰੇ ਮਾਮਲਿਆਂ ਦੀ ਛਾਣਬੀਣ ਅਤੇ ਪੜਤਾਲ ਕਰਨਾ;

(xi) ਪੂਰਵਵਰਤੀ ਖੰਡਾਂ ਵਿੱਚ ਹਵਾਲਾ ਦਿੱਤੇ ਬਚਾਉ ਦੇ ਕਾਰਜਾਂ ਬਾਰੇ ਰਿਪੋਰਟ ਸਲਾਨਾ ਤੌਰ ਤੇ ਅਤੇ ਅਜਿਹੇ ਹੋਰ ਸਮਿਆਂ ਤੇ ਜਿਵੇਂ ਕਮਿਸ਼ਨ ਉਚਿਤ ਸਮਝੇ, ਸਰਕਾਰ ਨੂੰ ਪੇਸ਼ ਕਰਨਾ;

(xii) ਸਰਕਾਰ ਨੂੰ ਸਲਾਨਾ ਤੌਰ ਤੇ ਅਤੇ ਅਜਿਹੇ ਹੋਰ ਸਮਿਆਂ ਤੇ ਜਿਵੇਂ ਕਮਿਸ਼ਨ ਉਚਿਤ ਸਮਝੇ, ਪੂਰਵਵਰਤੀ ਖੰਡਾਂ ਵਿੱਚ ਹਵਾਲਾ ਦਿੱਤੇ ਬਚਾਵਾਂ ਦੇ ਅਮਲ ਬਾਰੇ ਰਿਪੋਟਾਂ ਪੇਸ਼ ਕਰਨਾ;

(xiii) ਸਮੇਂ ਸਮੇਂ ਤੇ, ਸੰਵਿਧਾਨ ਦੇ ਮੌਜੂਦਾ ਉਪਬੰਧਾਂ ਅਤੇ ਇਸਤਰੀਆਂ ਨੂੰ ਪ੍ਰਭਾਵਤ ਕਰਨ ਵਾਲੇ ਹੋਰ ਕਾਨੂੰਨਾਂ ਦੀ ਨਜ਼ਰਸਾਨੀ ਕਰਨਾ ਅਤੇ ਉਨ੍ਹਾਂ ਵਿੱਚ ਸੋਧਾਂ ਦੀ ਸਿਫ਼ਾਰਸ਼ ਕਰਨਾ ਤਾਂ ਜੋ ਅਜਿਹੇ ਵਿਧਾਨ ਵਿੱਚ ਕਿਸੇ ਨੁਕਸ, ਘਾਟਾਂ ਜਾਂ ਤਰੁੱਟੀਆਂ ਨੂੰ ਪੂਰਾ ਕਰਨ ਲਈ ਉਪਚਾਰਕ ਵਿਧਾਨਿਕ ਉਪਾ ਸੁਝਾਏ ਜਾ ਸਕਣ; ਅਤੇ

(xiv) ਕੋਈ ਹੋਰ ਮਾਮਲਾ ਜੋ ਸਰਕਾਰ ਦੁਆਰਾ ਇਸ ਨੂੰ ਹਵਾਲਾ ਕੀਤਾ ਜਾਵੇ।

ਸਰਕਾਰ ਦਾ ਕਮਿਸ਼ਨ ਨਾਲ ਮਸ਼ਵਰਾ ਕਰਨਾ।

11. ਸਰਕਾਰ ਇਸਤਰੀਆਂ ਨੂੰ ਪ੍ਰਭਾਵਤ ਕਰਨ ਵਾਲੇ ਸਾਰੇ ਵੱਡੇ ਨੀਤੀਗਤ ਮਾਮਲਿਆਂ 'ਤੇ ਕਮਿਸ਼ਨ ਨਾਲ ਮਸ਼ਵਰਾ ਕਰੇਗੀ।

ਕਮਿਸ਼ਨ ਦੀ ਤਫ਼ਤੀਸ਼ ਦੇ ਸੰਚਾਲਨ ਲਈ ਕੁੱਝ ਅਧਿਕਾਰੀਆਂ ਅਤੇ ਤਫ਼ਤੀਸ਼ ਏਜੰਸੀਆਂ ਦੀਆਂ ਸੇਵਾਵਾਂ ਦੀ ਵਰਤੋਂ ਕਰਨ ਦੀ ਸ਼ਕਤੀ।

12. (1) ਕਮਿਸ਼ਨ, ਇਸ ਐਕਟ ਅਧੀਨ ਤਫ਼ਤੀਸ਼ ਦੇ ਸੰਚਾਲਨ ਦੇ ਪ੍ਰਯੋਜਨ ਲਈ,–

(ੳ) ਕੇਂਦਰੀ ਸਰਕਾਰ ਜਾਂ ਕਿਸੇ ਹੋਰ ਰਾਜ ਦੇ ਕਿਸੇ ਅਧਿਕਾਰੀ ਜਾਂ ਤਫ਼ਤੀਸ਼ੀ ਏਜੰਸੀ ਦੀ ਉਸ ਸਰਕਾਰ ਦੀ ਸਹਿਮਤੀ ਨਾਲ; ਜਾਂ

(ਅ) ਕਿਸੇ ਹੋਰ ਵਿਅਕਤੀ;

ਦੀਆਂ ਸੇਵਾਵਾਂ ਦਾ ਉਪਯੋਗ ਕਰ ਸਕੇਗਾ।

(2) ਤਫ਼ਤੀਸ ਕਰਨ ਦੇ ਪ੍ਰਯੋਜਨ ਲਈ, ਉਪ-ਧਾਰਾ (1) ਦੇ ਖੰਡ (ੳ) ਵਿੱਚ ਹਵਾਲਾ ਦਿੱਤਾ ਗਿਆ ਕੋਈ ਅਧਿਕਾਰੀ ਜਾਂ ਏਜੰਸੀ, ਕਮਿਸ਼ਨ ਦੇ ਨਿਦੇਸ਼ਾਂ ਅਤੇ ਕੰਟਰੋਲ ਦੇ ਤਾਬੇ,-

(ੳ) ਕਿਸੇ ਵਿਅਕਤੀ ਨੂੰ ਤਲਬ ਅਤੇ ਹਾਜ਼ਰ ਕਰਵਾ ਸਕੇਗਾ ਅਤੇ ਉਸ ਦੀ ਪਰਖ ਕਰ ਸਕੇਗਾ;

(ਅ) ਕਿਸੇ ਦਸਤਾਵੇਜ਼ ਦਾ ਪ੍ਰਗਟ ਕਰਨਾ ਅਤੇ ਪੇਸ਼ ਕੀਤਾ ਜਾਣਾ ਲੋੜ ਸਕੇਗਾ; ਅਤੇ

(ੲ) ਕਿਸੇ ਦਫ਼ਤਰ ਤੋਂ ਕਿਸੇ ਲੋਕ ਰਿਕਾਰਡ ਜਾਂ ਉਸ ਦੀ ਨਕਲ ਮੰਗ ਸਕੇਗਾ।

(3) ਅਜਿਹਾ ਅਧਿਕਾਰੀ ਜਾਂ ਏਜੰਸੀ ਜਾਂ ਵਿਅਕਤੀ, ਜਿਵੇਂ ਕਮਿਸ਼ਨ ਦੁਆਰਾ ਨਿਰਦੇਸ਼ ਦਿੱਤੇ ਜਾਣ, ਮਾਮਲੇ ਦੀ ਤਫ਼ਤੀਸ਼ ਕਰੇਗਾ ਅਤੇ ਉਸ ਤੇ ਅਜਿਹੀ ਮੁੱਦਤ ਅੰਦਰ ਜੋ ਕਮਿਸ਼ਨ ਦੁਆਰਾ ਇਸ ਦੇ ਨਮਿੱਤ ਉਲਿਖਤ ਕੀਤੀ ਜਾਵੇ, ਕਮਿਸ਼ਨ ਨੂੰ ਰਿਪੋਰਟ (ਜਿਸ ਨੂੰ ਇਸ ਧਾਰਾ ਵਿੱਚ ਇਸ ਤੋਂ ਪਿੱਛੋਂ "ਤਫ਼ਤੀਸ਼ ਰਿਪੋਰਟ" ਕਿਹਾ ਗਿਆ ਹੈ) ਪੇਸ਼ ਕਰੇਗਾ।

(4) ਕਮਿਸ਼ਨ ਉਪ-ਧਾਰਾ (3) ਅਧੀਨ ਉਸ ਨੂੰ ਪੇਸ਼ ਕੀਤੀ ਤਫ਼ਤੀਸ਼ ਰਿਪੋਰਟ ਵਿੱਚ ਕਥਤ ਤੱਥਾਂ ਅਤੇ ਕੱਢੇ ਗਏ ਸਿੱਟਿਆਂ ਦੇ, ਜੇ ਕੋਈ ਹੋਵੇ, ਦਰੁੱਸਤ ਹੋਣ ਬਾਰੇ, ਆਪਣੀ ਤਸੱਲੀ ਕਰੇਗਾ ਅਤੇ ਇਸ ਪ੍ਰਯੋਜਨ ਲਈ, ਕਮਿਸ਼ਨ ਅਜਿਹੀ ਜਾਂਚ (ਸਮੇਤ ਉਸ ਵਿਅਕਤੀ ਜਾਂ ਉਨ੍ਹਾਂ ਵਿਅਕਤੀਆਂ ਦੀ ਪਰੀਖਿਆ, ਜਿਨ੍ਹਾਂ ਨੇ ਤਫ਼ਤੀਸ਼ ਕੀਤੀ ਹੈ ਜਾਂ ਉਸ ਵਿੱਚ ਸਹਾਇਤਾ ਕੀਤੀ ਹੈ), ਕਰ ਸਕੇਗਾ, ਜਿਵੇਂ ਉਹ ਉਚਿਤ ਸਮਝੇ।

ਕਮਿਸ਼ਨ ਨੂੰ ਵਿਅਕਤੀਆਂ ਦੁਆਰਾ ਦਿੱਤੇ ਗਏ ਬਿਆਨ।

13. ਧਾਰਾ 12 ਦੀ ਉਪ-ਧਾਰਾ (1) ਦੇ ਖੰਡ (ੳ) ਵਿੱਚ ਹਵਾਲਾ ਦਿੱਤੇ ਕਮਿਸ਼ਨ ਜਾਂ ਕਿਸੇ ਅਧਿਕਾਰੀ ਜਾਂ ਏਜੰਸੀ, ਜਾਂ ਖੰਡ (ਅ) ਵਿੱਚ ਹਵਾਲਾ ਦਿੱਤੇ ਕਿਸੇ ਵਿਅਕਤੀ ਅੱਗੇ ਗਵਾਹੀ ਦੇਣ ਦੇ ਅਨੁਕ੍ਰਮ ਵਿੱਚ ਕਿਸੇ ਵਿਅਕਤੀ ਦੁਆਰਾ ਦਿੱਤਾ ਕੋਈ ਬਿਆਨ, ਅਜਿਹੇ ਬਿਆਨ ਦੁਆਰਾ ਝੂਠੀ ਸ਼ਹਾਦਤ ਦੇਣ ਲਈ ਮੁਕੱਦਮੇ ਦੇ ਸਿਵਾਏ, ਉਸ ਨੂੰ ਕਿਸੇ ਦੀਵਾਨੀ ਜਾਂ ਫ਼ੌਜਦਾਰੀ ਕਾਰਵਾਈ ਦੇ ਤਾਬੇ ਨਹੀਂ ਕਰੇਗਾ ਨ ਉਸ ਵਿੱਚ ਉਸ ਦੇ ਵਿਰੁੱਧ ਵਰਤਿਆ ਜਾਵੇਗਾ:

ਪਰੰਤੂ ਬਿਆਨ-

(ੳ) ਅਜਿਹੇ ਸਵਾਲ ਦੇ ਉੱਤਰ ਵਿੱਚ ਦਿੱਤਾ ਗਿਆ ਹੈ, ਜਿਸ ਦਾ ਉੱਤਰ ਕਮਿਸ਼ਨ ਜਾਂ ਅਜਿਹੇ ਅਧਿਕਾਰੀ ਜਾਂ ਏਜੰਸੀ ਜਾਂ ਅਜਿਹੇ ਵਿਅਕਤੀ ਦੁਆਰਾ ਲੋੜਿਆ ਜਾਵੇ; ਜਾਂ

(ਅ) ਤਫ਼ਤੀਸ਼ ਦੇ ਅਧੀਨ ਵਿਸ਼ੇ-ਵਸਤੂ ਨਾਲ ਸੁਸੰਗਤ ਹੈ।

ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਉ।

14. ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਕਿਸੇ ਨਿਯਮਾਂ ਜਾਂ ਹੁਕਮਾਂ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਬਾਰੇ ਕਮਿਸ਼ਨ ਦੇ ਕਿਸੇ ਮੈਂਬਰ ਜਾਂ ਕਮਿਸ਼ਨ ਦੇ ਕਿਸੇ ਅਧਿਕਾਰੀ ਜਾਂ ਹੋਰ ਕਰਮਚਾਰੀ ਜਾਂ ਸਰਕਾਰ ਜਾਂ ਕਮਿਸ਼ਨ ਦੇ ਨਿਰਦੇਸ਼ ਅਧੀਨ ਕਾਰਜ ਕਰਨ ਵਾਲੇ ਕਿਸੇ ਵੀ ਵਿਅਕਤੀ ਦੇ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਸਵੈ-ਇੱਛਤ ਸੰਗਠਨਾਂ ਦਾ ਰਜਿਸਟਰੀਕਰਣ ਅਤੇ ਉਹਨਾਂ ਦੀ ਸਹਾਇਤਾ ਦੀ ਮੰਗ ਕਰਨਾ।

15. (1) ਰਾਜ ਅੰਦਰ ਇਸਤਰੀਆਂ ਦਾ ਕੋਈ ਸਵੈ-ਇੱਛਤ ਸੰਗਠਨ, ਇਸ ਐਕਟ ਦੇ ਪ੍ਰਯੋਜਨਾਂ ਲਈ ਕਮਿਸ਼ਨ ਨਾਲ ਰਜਿਸਟਰੀਕਰਣ ਦੀ ਮੰਗ ਕਰ ਸਕੇਗਾ। ਕਮਿਸ਼ਨ, ਸਮਾਜ ਵਿੱਚ ਅਜਿਹੇ ਸੰਗਠਨ ਦੀ ਮਹੱਤਤਾ ਅਤੇ ਭੂਮਿਕਾ ਬਾਰੇ ਉਸ ਤਰੀਕੇ ਨਾਲ ਆਪਣੀ ਤਸੱਲੀ ਕਰਨ ਪਿੱਛੋਂ ਜਿਵੇਂ ਉਹ ਉਚਿਤ ਸਮਝੇ, ਆਪਣੇ ਰਜਿਸਟਰ ਵਿੱਚ ਅਜਿਹੇ ਸੰਗਠਨ ਦਾ ਨਾਂ ਸ਼ਾਮਲ ਕਰ ਸਕੇਗਾ।

(2) ਕਮਿਸ਼ਨ ਸਵੈ-ਇੱਛਤ ਸੰਗਠਨਾਂ ਨਾਲ ਮਸ਼ਵਰਾ ਕਰਕੇ, ਅਜਿਹੇ ਮਾਪ ਅਤੇ ਮਿਆਰ ਵਿਕਸਿਤ ਕਰੇਗਾ ਜਿਨ੍ਹਾਂ ਦੇ ਅਧਾਰ ਤੇ ਸਵੈ-ਇੱਛਤ ਸੰਗਠਨ ਦਾ ਰਜਿਸਟਰੀਕਰਣ ਕੀਤਾ ਜਾਣਾ ਹੈ।

(3) ਕਮਿਸ਼ਨ ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਸਵੈ-ਇੱਛਤ ਸੰਗਠਨਾਂ ਦਾ ਇੱਕ ਰਜਿਸਟਰ ਰੱਖੇਗਾ।

(4) ਆਪਣੇ ਕਾਜਕਾਰਾਂ ਨੂੰ ਨਿਭਾਉਣ ਲਈ, ਕਮਿਸ਼ਨ ਰਾਜ ਦੇ ਅੰਦਰ ਕਿਸੇ ਸਵੈ-ਇੱਛਤ ਸੰਗਠਨ, ਖ਼ਾਸ ਕਰਕੇ ਇਸਤਰੀਆਂ ਦੇ ਸੰਗਠਨਾਂ, ਦੀ ਸਹਾਇਤਾ ਦੀ ਮੰਗ ਕਰ ਸਕੇਗਾ।

(5) ਅਜਿਹੇ ਸੰਗਠਨਾਂ ਦੀ ਸੂਚੀ ਦੀ ਕਿਸੇ ਅਦਾਲਤ ਜਾਂ ਅਥਾਰਟੀ ਜਾਂ ਆਮ ਜਨਤਾ ਦੇ ਮੈਂਬਰਾਂ ਨੂੰ ਮੰਗ ਕਰਨ ਤੇ ਉਪਲੱਬਧ ਕਰਵਾਈ ਜਾਵੇਗੀ।

(6) ਜੇ, ਲਿਖਤੀ ਰੂਪ ਵਿੱਚ ਕਲਮਬੰਦ ਕੀਤੇ ਜਾਣ ਵਾਲੇ ਕਿਸੇ ਕਾਰਨ ਕਰਕੇ, ਕਮਿਸ਼ਨ ਆਪਣੇ ਰਜਿਸਟਰ ਵਿੱਚੋਂ ਕਿਸੇ ਸੰਗਠਨ ਦਾ ਨਾਂ ਰੱਦ ਕਰਨਾ ਉਚਿਤ ਸਮਝਦਾ ਹੈ, ਤਾਂ ਉਹ ਅਜਿਹੇ ਸੰਗਠਨ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਪਿੱਛੋਂ ਅਜਿਹਾ ਕਰ ਸਕੇਗਾ।

(7) ਅਜਿਹੇ ਰੱਦ ਕਰਨ ਬਾਰੇ ਕਮਿਸ਼ਨ ਦਾ ਫ਼ੈਸਲਾ ਅੰਤਮ ਹੋਵੇਗਾ।

ਰਾਜ ਸਰਕਾਰ ਦੁਆਰਾ ਗ੍ਰਾਂਟਾਂ।

16. (1) ਰਾਜ ਸਰਕਾਰ, ਰਾਜ ਵਿਧਾਨ ਮੰਡਲ ਦੁਆਰਾ ਇਸ ਨਮਿੱਤ ਕਾਨੂੰਨ ਦੁਅਰਾ ਯੋਗ ਨਮਿੱਤਣ ਪਿੱਛੋਂ, ਕਮਿਸ਼ਨ ਨੂੰ ਰਾਜ ਦੇ ਸੰਚਿਤ ਫੰਡ ਵਿੱਚੋਂ ਧਨ ਦੀਆਂ

ਅਜਿਹੀਆਂ ਰਕਮਾਂ ਗ੍ਰਾਂਟਾਂ ਦੇ ਤੌਰ ਤੇ ਅਦਾ ਕਰੇਗੀ, ਜੋ ਰਾਜ ਸਰਕਾਰ ਇਸ ਐਕਟ ਦੇ ਪ੍ਰਯੋਜਨ ਲਈ ਉਪਯੋਗ ਕੀਤੇ ਜਾਣ ਲਈ ਉਚਿਤ ਸਮਝੇ।

(2) ਕਮਿਸ਼ਨ ਇਸ ਐਕਟ ਅਧੀਨ ਆਪਣੇ ਕਾਜਕਾਰ ਨਿਭਾਉਣ ਲਈ ਅਜਿਹੀਆਂ ਰਕਮਾਂ ਖ਼ਰਚ ਕਰ ਸਕੇਗਾ ਜਿਵੇਂ ਉਹ ਉਚਿਤ ਸਮਝੇ, ਅਤੇ ਧਨ ਦੀਆਂ ਅਜਿਹੀਆਂ ਰਕਮਾਂ ਉਪ-ਧਾਰਾ (1) ਵਿੱਚ ਹਵਾਲਾ ਦਿੱਤੀਆਂ ਗ੍ਰਾਂਟਾਂ ਵਿੱਚੋਂ ਅਦਾਇਗੀਯੋਗ ਖਰਚ ਮੰਨੀਆਂ ਜਾਣਗੀਆਂ।

ਲੇਖੇ ਅਤੇ ਆਡਿਟ।

17. (1) ਕਮਿਸ਼ਨ ਉਚਿਤ ਲੇਖੇ ਅਤੇ ਹੋਰ ਸੁਸੰਗਤ ਰਿਕਾਰਡ ਰੱਖੇਗਾ ਅਤੇ ਲੇਖਿਆਂ ਦਾ ਇੱਕ ਸਲਾਨਾ ਵਿਵਰਣ ਅਜਿਹੇ ਰੂਪ ਵਿੱਚ ਤਿਆਰ ਕਰੇਗਾ ਜਿਵੇਂ ਸਰਕਾਰ ਦੁਆਰਾ ਮੁਕੱਰਰ ਕੀਤਾ ਜਾਵੇ।

(2) ਕਮਿਸ਼ਨ ਦੇ ਲੇਖਿਆਂ ਦਾ ਆਡਿਟ ਸਥਾਨਕ ਫ਼ੰਡ ਪ੍ਰੀਖਿਅਕ, ਪੰਜਾਬ ਦੁਆਰਾ ਅਜਿਹੇ ਵਕਫ਼ਿਆਂ ਤੇ ਕੀਤਾ ਜਾਵੇਗਾ, ਜਿਵੇਂ ਉਸ ਦੁਆਰਾ ਉਲਿਖਤ ਕੀਤਾ ਜਾਵੇ ਅਤੇ ਅਜਿਹੇ ਆਡਿਟ ਦੇ ਤੱਲਕ ਵਿੱਚ ਕੋਈ ਖ਼ਰਚਾ ਕਮਿਸਨ ਦੁਆਰਾ ਸਥਾਨਕ ਫ਼ੰਡ ਪ੍ਰੀਖਿਅਕ, ਪੰਜਾਬ ਨੂੰ ਅਦਾਇਗੀਯੋਗ ਹੋਵੇਗਾ।

(3) ਕਮਿਸ਼ਨ ਦੇ ਲੇਖੇ, ਜਿਵੇਂ ਕਿ ਸਥਾਨਕ ਫ਼ੰਡ ਪ੍ਰੀਖਿਅਕ, ਪੰਜਾਬ ਦੁਆਰਾ ਤਸਦੀਕ ਕੀਤੇ ਗਏ ਹਨ, ਉਨ੍ਹਾਂ ਤੇ ਆਡਿਟ ਰਿਪੋਰਟ ਸਮੇਤ, ਕਮਿਸ਼ਨ ਦੁਆਰਾ ਸਰਕਾਰ ਨੂੰ ਸਲਾਨਾ ਤੌਰ ਤੇ ਭੇਜੇ ਜਾਣਗੇ।

ਸਲਾਨਾ ਰਿਪੋਰਟ।

18. ਕਮਿਸ਼ਨ ਹਰੇਕ ਵਿੱਤੀ ਸਾਲ ਲਈ, ਅਜਿਹੇ ਰੂਪ ਵਿੱਚ ਅਤੇ ਅਜਿਹੇ ਸਮੇਂ ਤੇ, ਜਿਵੇਂ ਮੁਕੱਰਰ ਕੀਤਾ ਜਾਵੇ, ਪੂਰਵਲੇ ਵਿੱਤੀ ਸਾਲ ਦੌਰਾਨ ਆਪਣੀਆਂ ਸਰਗਰਮੀਆਂ ਦਾ ਪੂਰਾ ਵਰਣਨ ਦਿੰਦੇ ਹੋਏ ਆਪਣੀ ਇੱਕ ਸਲਾਨਾ ਰਿਪੋਰਟ ਤਿਆਰ ਕਰੇਗਾ ਅਤੇ ਉਸ ਦੀ ਇੱਕ ਨਕਲ ਸਰਕਾਰ ਨੂੰ ਭੇਜੇਗਾ।

ਸਲਾਨਾ ਰਿਪੋਰਟ ਅਤੇ ਆਡਿਟ ਰਿਪੋਰਟ ਦਾ ਰਾਜ ਵਿਧਾਨ ਮੰਡਲ ਅੱਗੇ ਰੱਖਿਆ ਜਾਣਾ।

19. ਸਰਕਾਰ ਸਲਾਨਾ ਰਿਪੋਰਟ ਅਤੇ ਉਸ ਵਿੱਚ ਦਿੱਤੀਆਂ ਸਿਫ਼ਾਰਸ਼ਾਂ ਤੇ ਕੀਤੀ ਕਾਰਵਾਈ ਦੇ ਯਾਦ-ਪੱਤਰ, ਜਿੱਥੋਂ ਤੱਕ ਉਹ ਸਰਕਾਰ ਨਾਲ ਸਬੰਧਤ ਹੋਣ ਅਤੇ ਅਜਿਹੀਆਂ ਕਿਸੇ ਸਿਫ਼ਾਰਸ਼ਾਂ ਦੇ ਨਾ-ਮੰਨਣ ਦੇ ਕਾਰਨਾਂ, ਜੇ ਕੋਈ ਹੋਣ ਅਤੇ ਆਡਿਟ ਰਿਪੋਰਟ ਸਮੇਤ, ਉਨ੍ਹਾਂ ਦੇ ਪ੍ਰਾਪਤ ਹੋਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਅੱਗੇ ਰਖਵਾਏਗੀ।

ਕਮਿਸ਼ਨ ਦੇ ਚੇਅਰਪਰਸਨ ਸੀਨੀਅਰ ਵਾਈਸ ਚੇਅਰਪਰਸਨ,ਵਾਈਸ ਚੇਅਰਪਰਸਨ,ਮੈਂਬਰਾਂ ਅਤੇ ਅਮਲੇ ਦਾ ਲੋਕ ਸੇਵਕ ਹੋਣਾ।

20. ਕਮਿਸ਼ਨ ਦਾ ਚੇਅਰਪਰਸਨ, ਸੀਨੀਅਰ ਵਾਈਸ-ਚੇਅਰਪਰਸਨ, ਵਾਈਸ-ਚੇਅਰਪਰਸਨ, ਮੈਂਬਰ, ਅਧਿਕਾਰੀ ਅਤੇ ਹੋਰ ਕਰਮਚਾਰੀ ਭਾਰਤੀ ਦੰਡ ਸੰਘਤਾ ਦੀ ਧਾਰਾ 21 ਦੇ ਅਰਥਾਂ ਅੰਦਰ ਲੋਕ ਸੇਵਕ ਸਮਝੇ ਜਾਣਗੇ।

ਨਿਯਮ ਬਣਾਉਣ ਦੀ ਸ਼ਕਤੀ ।

21. (1) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਇਸ ਐਕਟ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ

ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਉਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਬਾਤਲਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਜਾਂ ਉਕਾਈ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

22. ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਸਰਕਾਰ, ਹੁਕਮ ਦੁਆਰਾ ਅਜਿਹੇ ਉਪਬੰਧ, ਜਿਸ ਵਿੱਚ ਇਸ ਐਕਟ ਦੇ ਕਿਸੇ ਉਪਬੰਧ ਨੂੰ ਅਨੁਕੂਲ ਬਣਾਉਣ ਜਾਂ ਰੂਪਭੇਦ ਕਰਨਾ ਸ਼ਾਮਲ ਹੈ, ਬਣਾ ਸਕੇਗੀ ਜੋ ਉਸ ਨੂੰ ਉਸ ਕਠਨਾਈ ਨੂੰ ਦੂਰ ਕਰਨ ਦੇ ਪ੍ਰਯੋਜਨ ਲਈ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਪ੍ਰਤੀਤ ਹੋਣ:

ਪਰੰਤੂ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਦੋ ਸਾਲਾਂ ਦੀ ਮੁੱਦਤ ਗੁਜ਼ਰਨ ਪਿੱਛੋਂ ਅਜਿਹਾ ਕੋਈ ਹੁਕਮ ਨਹੀਂ ਕੀਤਾ ਜਾਵੇਗਾ।

**ਬੀ.ਬੀ.ਐੱਸ.ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

*3692/4-2026/Pb. Govt. Press, S.A.S. Nagar*

ਭਾਗ-1

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 15 ਅਪ੍ਰੈਲ, 2026

ਨੰ:31/ਭ.ਕ./2026.- ਸਰਦਾਰ ਬੇਅੰਤ ਸਿੰਘ ਰਾਜ ਯੂਨੀਵਰਸਿਟੀ ਐਕਟ, 2021 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 15th April, 2026

**No.31/L.C./2026.-** The Translation in Punjabi of the Sardar Beant Singh State University Act, 2021 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

**ਸਰਦਾਰ ਬੇਅੰਤ ਸਿੰਘ ਰਾਜ ਯੂਨੀਵਰਸਿਟੀ ਐਕਟ, 2021**

(2021 ਦਾ ਪੰਜਾਬ ਐਕਟ ਨੰ: 9)

ਪੰਜਾਬ ਰਾਜ ਵਿੱਚ ਸਿੱਖਿਆ ਦੀ ਉੱਨਤੀ ਅਤੇ ਉਸਦੇ ਵਿਕਾਸ ਲਈ ਯੂਨੀਵਰਸਿਟੀ ਦੀ ਸਥਾਪਨਾ ਅਤੇ ਨਿਗਮਨ ਲਈ ਅਤੇ ਉਨ੍ਹਾਂ ਦੇ ਮੁਤੱਲਕ ਜਾਂ ਇਸ ਨਾਲ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਬਹੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ। 1. (1) ਇਸ ਐਕਟ ਨੂੰ ਸਰਦਾਰ ਬੇਅੰਤ ਸਿੰਘ ਰਾਜ ਯੂਨੀਵਰਸਿਟੀ ਐਕਟ, 2021 ਕਿਹਾ ਜਾ ਸਕੇਗਾ।

(2) ਇਹ ਸਰਕਾਰੀ ਗਜ਼ਟ ਵਿੱਚ ਇਸ ਦੇ ਪ੍ਰਕਾਸ਼ਤ ਹੋਣ ਦੀ ਤਰੀਕ ਨੂੰ ਅਤੇ ਤੋਂ ਨਾਫ਼ਜ਼ ਹੋਵੇਗਾ।

ਪਰਿਭਾਸ਼ਾਵਾਂ। 2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) "ਅਕਾਦਮਿਕ ਕੌਂਸਲ" ਦਾ ਮਤਲਬ ਹੈ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ;

(ਅ) "ਅਥਾਰਟੀਆਂ" ਦਾ ਮਤਲਬ ਹੈ ਯੂਨੀਵਰਸਿਟੀ ਦੀਆਂ ਅਥਾਰਟੀਆਂ;

(ੲ) "ਬੋਰਡ" ਦਾ ਮਤਲਬ ਹੈ ਯੂਨੀਵਰਸਿਟੀ ਦੇ ਗਵਰਨਰਾਂ ਦਾ ਬੋਰਡ;

(ਸ) "ਅਧਿਐਨ ਬੋਰਡ" ਦਾ ਮਤਲਬ ਹੈ ਯੂਨੀਵਰਸਿਟੀ ਦਾ ਅਧਿਐਨ ਬੋਰਡ;

(ਹ) "ਕੈਂਪਸ" ਦਾ ਮਤਲਬ ਹੈ ਇਸ ਐਕਟ ਦੇ ਨਾਫ਼ਜ਼ ਹੋਣ ਦੀ ਤਰੀਕ ਨੂੰ ਬੇਅੰਤ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ ਦਾ ਕੈਂਪਸ;

(ਕ) "ਚਾਂਸਲਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਚਾਂਸਲਰ;

(ਖ) "ਚੇਅਰਮੈਨ" ਦਾ ਮਤਲਬ ਹੈ ਬੋਰਡ ਦਾ ਚੇਅਰਮੈਨ;

(ਗ) "ਕਰਮਚਾਰੀ" ਦਾ ਮਤਲਬ ਹੈ ਯੂਨੀਵਰਸਿਟੀ ਦੁਆਰਾ ਨਿਯੁਕਤ ਕੋਈ ਵਿਅਕਤੀ ਅਤੇ ਇਸ ਵਿੱਚ ਯੂਨੀਵਰਸਿਟੀ ਦੇ ਅਧਿਆਪਕ ਅਤੇ ਹੋਰ ਅਕਾਦਮਿਕ ਅਮਲਾ ਸ਼ਾਮਲ ਹੈ;

(ਘ) "ਵਿੱਤ ਕਮੇਟੀ" ਦਾ ਮਤਲਬ ਹੈ ਯੂਨੀਵਰਸਿਟੀ ਦੀ ਵਿੱਤ ਕਮੇਟੀ;

(ਙ) "ਯੋਜਨਾ ਬੋਰਡ" ਦਾ ਮਤਲਬ ਹੈ ਯੂਨੀਵਰਸਿਟੀ ਦਾ ਯੋਜਨਾ ਬੋਰਡ;

(ਚ) "ਰਜਿਸਟਰਾਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਰਜਿਸਟਰਾਰ;

(ਛ) "ਵਿਨਿਯਮ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਯੂਨੀਵਰਸਿਟੀ ਦੇ ਵਿਨਿਯਮ;

(ਜ) "ਸਕੂਲ" ਦਾ ਮਤਲਬ ਹੈ ਯੂਨੀਵਰਸਿਟੀ ਦਾ ਅਧਿਐਨ ਸਕੂਲ;

(ਝ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(ਞ) "ਵਿਦਿਆਰਥੀ" ਦਾ ਮਤਲਬ ਹੈ ਯੂਨੀਵਰਸਿਟੀ ਦਾ ਵਿਦਿਆਰਥੀ, ਅਤੇ ਇਸ ਵਿੱਚ ਕੋਈ ਵਿਅਕਤੀ ਸ਼ਾਮਲ ਹੈ ਜਿਸ ਨੇ ਯੂਨੀਵਰਸਿਟੀ ਦਾ ਕੋਈ ਅਧਿਐਨ ਕੋਰਸ ਪੂਰਾ ਕਰਨ ਲਈ ਆਪਣਾ ਨਾਂ ਦਰਜ ਕਰਵਾਇਆ ਹੋਵੇ;

(ਟ) "ਅਧਿਆਪਕ", ਦਾ ਮਤਲਬ ਹੈ ਪ੍ਰੋਫ਼ੈਸਰ, ਐਸੋਸੀਏਟ ਪ੍ਰੋਫ਼ੈਸਰ, ਸਹਾਇਕ ਪ੍ਰੋਫ਼ੈਸਰ ਅਤੇ ਅਜਿਹੇ ਹੋਰ ਵਿਅਕਤੀ ਜਿਨ੍ਹਾਂ ਨੂੰ ਯੂਨੀਵਰਸਿਟੀ ਵਿੱਚ ਸਿੱਖਿਆ ਦੀਖਿਆ ਦੇਣ ਲਈ ਜਾਂ ਯੂਨੀਵਰਸਿਟੀ ਦੇ ਕਿਸੇ ਅਧਿਐਨ ਕੋਰਸ ਨੂੰ ਪੂਰਾ ਕਰਨ ਲਈ ਅਗਵਾਈ ਦੇਣ ਜਾਂ ਸਹਾਇਤਾ ਦੇਣ ਲਈ ਵਿਨਿਯਮਾਂ ਦੁਆਰਾ ਅਜਿਹੇ ਤੌਰ ਤੇ ਨਾਮਤ ਕੀਤਾ ਜਾਵੇ;

(ਠ) "ਯੂਨੀਵਰਸਿਟੀ" ਦਾ ਮਤਲਬ ਹੈ ਇਸ ਐਕਟ ਅਧੀਨ ਸਥਾਪਤ ਸਰਦਾਰ ਬੇਅੰਤ ਸਿੰਘ ਰਾਜ ਯੂਨੀਵਰਸਿਟੀ; ਅਤੇ

(ਡ) "ਵਾਈਸ-ਚਾਂਸਲਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਵਾਈਸ-ਚਾਂਸਲਰ।

ਯੂਨੀਵਰਸਿਟੀ ਦੀ ਸਥਾਪਨਾ ਅਤੇ ਨਿਗਮਨ।

3. (1) ਸਰਦਾਰ ਬੇਅੰਤ ਸਿੰਘ ਰਾਜ ਯੂਨੀਵਰਸਿਟੀ ਦੇ ਨਾਂ ਨਾਲ ਇੱਕ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ।

(2) ਯੂਨੀਵਰਸਿਟੀ ਦਾ ਮੁੱਖ ਦਫ਼ਤਰ ਗੁਰਦਾਸਪੁਰ ਵਿਖੇ ਹੋਵੇਗਾ।

(3) ਪਹਿਲੇ ਵਾਈਸ-ਚਾਂਸਲਰ, ਗਵਰਨਰਾਂ ਦੇ ਬੋਰਡ ਅਕਾਦਮਿਕ ਕੌਂਸਲ ਅਤੇ ਯੋਜਨਾ ਬੋਰਡ ਦੇ ਪਹਿਲੇ ਮੈਂਬਰ ਅਤੇ ਉਹ ਸਾਰੇ ਵਿਅਕਤੀ ਜੋ ਇਸ ਤੋਂ ਬਾਅਦ ਅਜਿਹੇ ਅਧਿਕਾਰੀ ਜਾਂ ਮੈਂਬਰ ਬਣ ਸਕਦੇ ਹਨ, ਜਦ ਤੱਕ ਕਿ ਉਹ ਅਜਿਹਾ ਅਹੁਦਾ ਜਾਂ ਮੈਂਬਰਸ਼ਿੱਪ ਧਾਰਨ ਕਰੀ ਰੱਖਦੇ ਹਨ, ਇਸ ਦੁਆਰਾ ਸਰਦਾਰ ਬੇਅੰਤ ਸਿੰਘ ਰਾਜ ਯੂਨੀਵਰਸਿਟੀ ਦੇ ਨਾਂ ਦੁਆਰਾ ਇੱਕ ਨਿਗਮਤ ਬੌਡੀ ਵਜੋਂ ਗਠਤ ਕੀਤੇ ਜਾਂਦੇ ਹਨ।

(4) ਯੂਨੀਵਰਸਿਟੀ ਕੋਲ ਸਦੀਵੀ ਉਤਰਾਧਿਕਾਰ ਅਤੇ ਇੱਕ ਸਾਂਝੀ ਮੁਹਰ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

ਯੂਨੀਵਰਸਿਟੀ ਦੀਆਂ ਸ਼ਕਤੀਆਂ ਅਤੇ ਕਾਜਕਾਰ।

4. ਯੂਨੀਵਰਸਿਟੀ ਹੇਠ-ਲਿਖੇ ਕਾਜਕਾਰ ਨਿਭਾਏਗੀ, ਅਰਥਾਤ:-

(ੳ) ਤਕਨੀਕੀ ਸਿੱਖਿਆ ਪ੍ਰਦਾਨ ਕਰਨ, ਅਪਗ੍ਰੇਡ ਕਰਨ ਅਤੇ ਤਕਨੀਕੀ ਸਿੱਖਿਆ ਵਿੱਚ ਸਿਖਲਾਈ ਅਤੇ ਖੋਜ ਨੂੰ ਉਤਸ਼ਾਹਿਤ ਕਰਨ ਲਈ ਉਪਬੰਧ ਕਰਨਾ ਅਤੇ ਉਦਯੋਗ ਦੇ ਨਾਲ ਨੇੜਲੇ

ਸਹਿਯੋਗ ਨਾਲ ਤਕਨੀਕੀ ਸਿੱਖਿਆ ਦੇ ਕਿੱਤੇ ਲਈ ਉੱਦਮਤਾ ਅਤੇ ਸਹਾਈ ਵਾਤਾਵਰਣ ਸਿਰਜਣਾ;

(ਅ) ਮਸ਼ਵਰਾ ਸੇਵਾਵਾਂ, ਟੈਸਟਿੰਗ ਸੇਵਾਵਾਂ, ਨਿਰੰਤਰ ਸਿੱਖਿਆ ਪ੍ਰੋਗਰਾਮਾਂ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਹਿਯੋਗ ਅਤੇ ਬੌਧਿਕ ਸੰਪੱਤੀ ਅਧਿਕਾਰਾਂ ਦੇ ਤਬਾਦਲੇ ਰਾਹੀਂ ਵਸੀਲੇ ਪੈਦਾ ਕਰਨਾ ਅਤੇ ਕਾਇਮ ਰੱਖਣਾ;

(ੲ) ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਅਕਾਦਮਿਕ ਉਪਾਧੀਆਂ ਸੰਸਥਿਤ ਕਰਨਾ ਅਤੇ ਪ੍ਰਦਾਨ ਕਰਨਾ;

(ਸ) ਪ੍ਰੀਖਿਆਵਾਂ ਕਰਵਾਉਣਾ ਅਤੇ ਉਨ੍ਹਾਂ ਵਿਅਕਤੀਆਂ ਨੂੰ ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਉਪਾਧੀਆਂ ਦੇਣਾ ਅਤੇ ਪ੍ਰਦਾਨ ਕਰਨਾ, ਜਿਨ੍ਹਾਂ ਨੇ,-

(i) ਯੂਨੀਵਰਸਿਟੀ ਵਿੱਚ ਅਧਿਐਨ ਕੋਰਸ ਪੂਰਾ ਕੀਤਾ ਹੋਵੇਗਾ ਅਤੇ ਯੂਨੀਵਰਸਿਟੀ ਦੁਆਰਾ ਮੁਕੱਰਰ ਪ੍ਰੀਖਿਆਵਾਂ ਪਾਸ ਕੀਤੀਆਂ ਹੋਣਗੀਆਂ; ਅਤੇ

(ii) ਵਿਨਿਯਮਾਂ ਦੁਆਰਾ ਮੁਕੱਰਰ ਸ਼ਰਤਾਂ ਅਧੀਨ ਖੋਜ ਕੀਤੀ ਹੋਵੇਗੀ;

(ਹ) ਵਿਨਿਯਮਾਂ ਦੁਆਰਾ ਨਿਯਤ ਕੀਤੇ ਤਰੀਕੇ ਨਾਲ ਮਾਨ-ਅਰਥ ਡਿਗਰੀਆਂ ਪ੍ਰਦਾਨ ਕਰਨਾ;

(ਕ) ਯੂਨੀਵਰਸਿਟੀ ਦੁਆਰਾ ਲੋੜੀਂਦੀਆਂ ਪ੍ਰੋਫ਼ੈਸਰਸ਼ਿਪਾਂ, ਐਸੋਸੀਏਟ ਪ੍ਰੋਫ਼ੈਸਰਸ਼ਿਪਾਂ, ਸਹਾਇਕ ਪ੍ਰੋਫ਼ੈਸਰਸ਼ਿਪਾਂ ਅਤੇ ਹੋਰ ਕੋਈ

ਅਧਿਆਪਨ ਅਸਾਮੀਆਂ ਸੰਸਥਿਤ ਕਰਨਾ ਅਤੇ ਅਜਿਹੀਆਂ ਪ੍ਰੋਫ਼ੈਸਰਸ਼ਿਪਾਂ, ਐਸੋਸੀਏਟ ਪ੍ਰੋਫ਼ੈਸਰਸ਼ਿਪਾਂ, ਸਹਾਇਕ ਪ੍ਰੋਫ਼ੈਸਰਸ਼ਿਪਾਂ ਅਤੇ ਹੋਰ ਅਸਾਮੀਆਂ ਤੇ ਵਿਅਕਤੀਆਂ ਨੂੰ ਨਿਯੁਕਤ ਕਰਨਾ;

(ਖ) ਵਿਨਿਯਮਾਂ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਫ਼ੈਲੋਸ਼ਿਪਾਂ, ਵਜ਼ੀਫ਼ੇ, ਵਿਦਿਆਰਥੀ-ਵਜ਼ੀਫ਼ੇ, ਵਜ਼ੀਫ਼ੇ ਅਤੇ ਇਨਾਮ ਸੰਸਥਿਤ ਕਰਨਾ ਅਤੇ ਦੇਣਾ;

(ਗ) ਵੱਡੇ ਕਮਰਿਆਂ ਅਤੇ ਹੋਸਟਲਾਂ ਨੂੰ ਸੰਸਥਿਤ ਕਰਨਾ ਅਤੇ ਕਾਇਮ ਰੱਖਣਾ;

(ਘ) ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਰਿਹਾਇਸ਼ ਅਤੇ ਅਨੁਸ਼ਾਸਨ ਦੀ ਨਿਗਰਾਨੀ ਅਤੇ ਕੰਟਰੋਲ ਕਰਨਾ ਅਤੇ ਉਨ੍ਹਾਂ ਦੀ ਸਿਹਤ ਅਤੇ ਆਮ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਵਿਵਸਥਾ ਕਰਨੀ;

(ਙ) ਪ੍ਰਯੋਗਸ਼ਾਲਾਵਾਂ, ਲਾਇਬਰੇਰੀਆਂ, ਅਜਾਇਬ ਘਰਾਂ ਨੂੰ ਸੰਗਠਤ ਕਰਨਾ ਅਤੇ ਅਧਿਆਪਨ ਅਤੇ ਖੋਜ ਲਈ ਅਜਿਹੇ ਹੋਰ ਸਾਜ਼-ਸਮਾਨ ਪ੍ਰਦਾਨ ਕਰਨਾ, ਜਿਵੇਂ ਲੋੜੀਂਦਾ ਹੋਵੇ;

(ਚ) ਅਜਿਹੀਆਂ ਫ਼ੀਸਾਂ ਅਤੇ ਹੋਰ ਖ਼ਰਚਿਆਂ ਦੀ ਮੰਗ ਕਰਨਾ ਅਤੇ ਪ੍ਰਾਪਤ ਕਰਨਾ, ਜਿਵੇਂ ਵਿਨਿਯਮਾਂ ਦੁਆਰਾ ਮੁਕੱਰਰ ਕੀਤਾ ਜਾਵੇ;

(ਛ) ਟਰੱਸਟਾਂ ਅਤੇ ਇੰਡੋਮੈਂਟਾਂ ਨੂੰ ਧਾਰਨ ਕਰਨਾ ਅਤੇ ਪ੍ਰਬੰਧਤ ਕਰਨਾ ਜੋ ਯੂਨੀਵਰਸਿਟੀ ਦੇ ਪੱਖ ਵਿੱਚ ਸਿਰਜੇ ਜਾਣ;

(ਜ) (i) ਛਪਾਈ ਅਤੇ ਪ੍ਰਕਾਸ਼ਨ ਵਿਭਾਗਾਂ;

(ii) ਯੂਨੀਵਰਸਿਟੀ ਵਿਸਤਾਰ ਬੋਰਡਾਂ;

(iii) ਸੂਚਨਾ ਬਿਊਰੋ; ਅਤੇ

(iv) ਰੁਜ਼ਗਾਰ ਬਿਊਰੋ,

ਨੂੰ ਸੰਸਥਿਤ ਕਰਨਾ ਅਤੇ ਪ੍ਰਬੰਧਤ ਕਰਨਾ;

(ਝ) ਵਿੱਦਿਅਕ ਤੌਰ ਤੇ ਪੱਛੜੇ ਵਰਗਾਂ ਅਤੇ ਫ਼ਿਰਕਿਆਂ ਵਿੱਚ ਤਕਨੀਕੀ ਸਿੱਖਿਆ ਦੇ ਪ੍ਰਸਾਰ ਲਈ ਵਿਸ਼ੇਸ਼ ਉਪਬੰਧ ਕਰਨੇ;

(ਞ) (i) ਨੈਸ਼ਨਲ ਕੈਡੇਟ ਕੋਰ ਜਾਂ ਹੋਰ ਉਹੋ ਜਿਹੇ ਸੰਗਠਨਾਂ ਦੀ ਦੇਖਭਾਲ;

(ii) ਸਰੀਰਕ ਅਤੇ ਸੈਨਿਕ ਸਿਖਲਾਈ; ਅਤੇ

(iii) ਖੇਡਾਂ ਅਤੇ ਐਥਲੈਟਿਕ ਕਲੱਬਾਂ;

ਲਈ ਉਪਬੰਧ ਕਰਨੇ;

(ਟ) ਪ੍ਰਬੰਧਕੀ, ਮਨਿਸਟੀਰੀਅਲ ਅਤੇ ਹੋਰ ਜ਼ਰੂਰੀ ਅਸਾਮੀਆਂ ਦੀ ਸਿਰਜਨਾ ਕਰਨਾ ਅਤੇ ਉਨ੍ਹਾਂ ਤੇ ਨਿਯੁਕਤੀਆਂ ਕਰਨਾ;

(ਠ) ਰਾਜ ਸਰਕਾਰ ਜਾਂ ਕੇਂਦਰੀ ਸਰਕਾਰ ਤੋਂ ਤੋਹਫ਼ੇ, ਦਾਨ ਜਾਂ ਪੁੰਨ-ਅਰਥ ਦਾਨ ਪ੍ਰਾਪਤ ਕਰਨਾ ਅਤੇ ਵਸੀਅਤਕਾਰਤ, ਹਿੱਬਾਕਾਰਾਂ ਜਾਂ ਇੰਤਕਾਲਕਾਰਾਂ ਤੋਂ, ਜਿਹੀ ਕਿ ਸੂਰਤ ਹੋਵੇ, ਚੁੱਕਵੀਂ ਅਤੇ ਅਚੁੱਕਵੀਂ ਸੰਪੱਤੀ ਦੇ ਵਸੀਅਤੀ ਵਿਰਸੇ, ਦਾਨ ਅਤੇ ਇੰਤਕਾਲ ਪ੍ਰਾਪਤ ਕਰਨਾ; ਅਤੇ

(ਡ) ਅਜਿਹੇ ਸਾਰੇ ਹੋਰ ਕਾਰਜ ਕਰਨਾ ਭਾਵੇਂ ਉਪਰੋਕਤ ਸ਼ਕਤੀਆਂ ਦੇ ਅਨੁਸੰਗਕ ਹੋਣ ਜਾਂ ਨ ਹੋਣ ਜੋ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਲੋੜੀਂਦੇ ਹੋਣ।

ਅਧਿਕਰਤਾ ।

5. ਯੂਨੀਵਰਸਿਟੀ ਆਪਣੇ ਕੈਂਪਸ ਦੇ ਅੰਦਰ ਆਪਣੀ ਅਧਿਕਾਰਤਾ ਦੀ ਵਰਤੋਂ ਕਰੇਗੀ।

ਯੂਨੀਵਰਸਿਟੀ ਦਾ ਸਾਰੇ ਵਰਗਾਂ, ਜਾਤਾਂ ਅਤੇ ਮਤਾਂ ਲਈ ਖੁੱਲ੍ਹੀ ਹੋਣਾ।

6. (1) ਯੂਨੀਵਰਸਿਟੀ ਕਿਸੇ ਵੀ ਲਿੰਗ ਦੇ ਅਤੇ ਕਿਸੇ ਵੀ ਨਸਲ, ਮਤ, ਜਾਤ ਜਾਂ ਵਰਗ ਦੇ ਵਿਅਕਤੀਆਂ ਲਈ ਖੁੱਲ੍ਹੀ ਹੋਵੇਗੀ ਅਤੇ ਯੂਨੀਵਰਸਿਟੀ ਲਈ ਇਹ ਕਾਨੂੰਨ ਸੰਗਤ ਨਹੀਂ ਹੋਵੇਗਾ ਕਿ ਉਹ ਕਿਸੇ ਵਿਅਕਤੀ ਨੂੰ ਯੂਨੀਵਰਸਿਟੀ ਵਿੱਚ ਕੋਈ ਆਸਾਮੀ ਜਾਂ ਕੋਈ ਹੋਰ ਅਹੁਦਾ ਧਾਰਨ ਕਰਨ ਜਾਂ ਯੂਨੀਵਰਸਿਟੀ ਵਿੱਚ ਵਿਦਿਆਰਥੀ ਵਜੋਂ ਦਾਖਲ ਹੋਣ ਜਾਂ ਉਸ ਤੋਂ ਗ੍ਰੈਜੂਏਟ ਹੋਣ, ਜਾਂ ਇਸ ਦੇ ਕਿਸੇ ਵਿਸ਼ੇਸ਼ ਅਧਿਕਾਰ ਦਾ ਅਨੰਦ ਲੈਣ ਜਾਂ ਵਰਤੋਂ ਕਰਨ ਦਾ ਹੱਕਦਾਰ ਬਣਾਉਣ ਲਈ ਧਾਰਮਿਕ ਵਿਸ਼ਵਾਸ ਜਾਂ ਪੇਸ਼ੇ ਦਾ ਕੋਈ ਵੀ ਟੈਸਟ ਅਪਣਾਏ ਜਾਂ ਉਸ ਤੇ ਥੋਪੇ।

(2) ਉਪ-ਧਾਰਾ (1) ਵਿੱਚ ਕੋਈ ਵੀ ਗੱਲ ਯੂਨੀਵਰਸਿਟੀ ਨੂੰ ਇਸਤਰੀਆਂ ਜਾਂ ਸਮਾਜ ਦੇ ਕਮਜ਼ੋਰ ਵਰਗਾਂ ਨਾਲ ਸਬੰਧਤ ਵਿਅਕਤੀਆਂ ਦੀ, ਅਤੇ ਖ਼ਾਸ ਕਰਕੇ, ਅਨੁਸੂਚਿਤ ਜਾਤੀਆਂ ਜਾਂ ਅਨੁਸੂਚਿਤ ਕਬੀਲਿਆਂ ਨਾਲ ਸਬੰਧਤ ਵਿਅਕਤੀਆਂ ਦੀ ਨਿਯੁਕਤੀ ਜਾਂ ਦਾਖ਼ਲੇ ਲਈ ਕੋਈ ਵਿਸ਼ੇਸ਼ ਉਪਬੰਧ ਕਰਨ ਤੋਂ ਰੋਕਦੀ ਨਹੀਂ ਸਮਝੀ ਜਾਵੇਗੀ।

ਯੂਨੀਵਰਸਿਟੀ ਦੇ ਅਧਿਕਾਰੀ।

7. ਯੂਨੀਵਰਸਿਟੀ ਦੇ ਹੇਠ-ਲਿਖੇ ਅਧਿਕਾਰੀ ਹੋਣਗੇ, ਅਰਥਾਤ:-

(i) ਚਾਂਸਲਰ;

(ii) ਵਾਈਸ-ਚਾਂਸਲਰ;

(iii) ਰਜਿਸਟਰਾਰ; ਅਤੇ

(iv) ਯੂਨੀਵਰਸਿਟੀ ਦੀ ਸੇਵਾ ਵਿੱਚ ਅਜਿਹੇ ਹੋਰ ਵਿਅਕਤੀ, ਜੋ ਵਿਨਿਯਮਾਂ ਦੁਆਰਾ ਯੂਨੀਵਰਸਿਟੀ ਦੇ ਅਧਿਕਾਰੀ ਐਲਾਨੇ ਜਾਣ।

8. ਪੰਜਾਬ ਦਾ ਰਾਜਪਾਲ ਯੂਨੀਵਰਸਿਟੀ ਦਾ ਚਾਂਸਲਰ ਹੋਵੇਗਾ। ਚਾਂਸਲਰ।

9. (1) ਵਾਈਸ-ਚਾਂਸਲਰ, ਚਾਂਸਲਰ ਦੁਆਰਾ ਰਾਜ ਸਰਕਾਰ ਦੀ ਸਲਾਹ ਤੇ ਰਾਸ਼ਟਰੀ ਪ੍ਰਸਿੱਧੀ ਵਾਲੇ ਵਿਅਕਤੀਆਂ ਦੇ ਪਾਰਦਰਸ਼ੀ ਜਾਂਚ ਪ੍ਰਕਿਰਿਆ ਰਾਹੀ ਤਿਆਰ ਕੀਤੇ ਇੱਕ ਪੈਨਲ ਵਿੱਚੋਂ ਨਿਯੁਕਤ ਕੀਤਾ ਜਾਵੇਗਾ: ਵਾਈਸ-ਚਾਂਸਲਰ ਦੀ ਨਿਯੁਕਤੀ, ਸ਼ਕਤੀਆਂ, ਕਰਤੱਵ ਸੇਵਾ ਦੀਆਂ ਸ਼ਰਤਾਂ ਅਤੇ ਹਟਾਉਣਾ।

ਪਰੰਤੂ ਪਹਿਲਾ ਵਾਈਸ-ਚਾਂਸਲਰ ਰਾਜ ਸਰਕਾਰ ਦੁਆਰਾ ਤਿੰਨ ਸਾਲਾਂ ਦੀ ਮੁੱਦਤ ਲਈ ਨਿਯੁਕਤ ਕੀਤਾ ਜਾਵੇਗਾ।

(2) ਵਾਈਸ-ਚਾਂਸਲਰ ਤਿੰਨ ਸਾਲਾਂ ਦੀ ਮੁੱਦਤ ਲਈ ਅਹੁਦਾ ਧਾਰਨ ਕਰੇਗਾ, ਜਿਸ ਨੂੰ ਰਾਜ ਸਰਕਰ ਦੀ ਸਲਾਹ ਅਤੇ ਸਿਫ਼ਾਰਸ਼ਾਂ 'ਤੇ ਚਾਂਸਲਰ ਦੁਆਰਾ ਹੋਰ ਤਿੰਨ ਸਾਲਾਂ ਲਈ ਵਧਾਇਆ ਜਾ ਸਕੇਗਾ।

(3) ਚਾਂਸਲਰ, ਵਾਈਸ-ਚਾਂਸਲਰ ਦੇ ਮਿਹਨਤਾਨੇ ਦੀ ਰਕਮ ਅਤੇ ਸੇਵਾ ਦੀਆਂ ਹੋਰ ਸ਼ਰਤਾਂ ਨਿਰਧਾਰਤ ਕਰੇਗਾ:

ਪਰੰਤੂ ਅਜਿਹੇ ਨਿਬੰਧਨ ਅਤੇ ਸ਼ਰਤਾਂ ਵਾਈਸ-ਚਾਂਸਲਰ ਦੇ ਅਹੁਦੇ ਦੀ ਅਉਧ ਦੌਰਾਨ ਉਸ ਦੇ ਅਲਾਭ ਲਈ ਨਹੀਂ ਬਦਲੀਆਂ ਜਾਣਗੀਆਂ।

(4) ਉਪ-ਧਾਰਾ (2) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਚਾਂਸਲਰ, ਰਾਜ ਸਰਕਾਰ ਦੀਆਂ ਸਿਫ਼ਾਰਸ਼ਾਂ ਤੇ, ਕਿਸੇ ਵੀ ਸਮੇਂ, ਲਿਖਤੀ ਹੁਕਮ ਦੁਆਰਾ, ਵਾਈਸ-ਚਾਂਲਸਰ ਨੂੰ ਅਸਮਰੱਥਾ, ਦੁਰਾਚਾਰ ਜਾਂ ਪ੍ਰਵਿਧਾਨਕ ਉਪਬੰਧਾਂ ਦੀ ਉਲੰਘਣਾ ਦੇ ਆਧਾਰ 'ਤੇ ਅਹੁਦੇ ਤੋਂ ਹਟਾ ਸਕੇਗਾ:

ਪਰੰਤੂ ਚਾਂਸਲਰ ਦੁਆਰਾ ਅਜਿਹਾ ਕੋਈ ਹੁਕਮ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਵਾਈਸ-ਚਾਂਸਲਰ ਨੂੰ ਉਸ ਵਿਰੁੱਧ ਕੀਤੀ ਜਾਣ ਵਾਲੀ ਤਜਵੀਜ਼ਤ ਕਾਰਵਾਈ ਵਿਰੁੱਧ ਕਾਰਨ ਦੱਸਣ ਦਾ ਵਾਜਬ ਮੌਕਾ ਨ ਦਿੱਤਾ ਗਿਆ ਹੋਵੇ:

ਪਰੰਤੂ ਇਹ ਹੋਰ ਕਿ ਕਿਸੇ ਵੀ ਜਾਂਚ ਦੇ ਲੰਬਿਤ ਹੋਣ ਦੌਰਾਨ, ਚਾਂਸਲਰ, ਰਾਜ ਸਰਕਾਰ ਦੀਆਂ ਸਿਫ਼ਾਰਸ਼ਾਂ ਤੇ, ਵਾਈਸ-ਚਾਂਸਲਰ ਨੂੰ ਮੁਅੱਤਲ ਕਰ ਸਕੇਗਾ।

(5) ਜੇਕਰ ਵਾਈਸ-ਚਾਂਸਲਰ ਦਾ ਅਹੁਦਾ ਮੌਤ, ਅਸਤੀਫ਼ਾ, ਅਉਧ ਦੀ ਸਮਾਪਤੀ, ਬਿਮਾਰੀ ਜਾਂ ਅਜਿਹੇ ਹੋਰ ਕਾਰਨ ਕਰਕੇ ਖ਼ਾਲੀ ਹੋ ਜਾਂਦਾ ਹੈ, ਤਾਂ ਚਾਂਸਲਰ, ਰਾਜ ਸਰਕਾਰ ਦੀਆਂ ਸਿਫ਼ਾਰਸ਼ਾਂ 'ਤੇ, ਕਿਸੇ ਵਿਅਕਤੀ ਨੂੰ ਵਾਈਸ-ਚਾਂਸਲਰ ਦੇ ਕਾਜਕਾਰ ਕਰਨ ਲਈ ਨਿਯੁਕਤ ਕਰ ਸਕਦਾ ਹੈ ਜਦੋਂ ਤੱਕ ਨਵਾਂ ਵਾਈਸ-ਚਾਂਸਲਰ ਨਿਯੁਕਤ ਨਹੀਂ ਕੀਤਾ ਜਾਂਦਾ।

(6) ਵਾਈਸ-ਚਾਂਸਲਰ ਯੂਨੀਵਰਸਿਟੀ ਦਾ ਮੁੱਖ ਕਾਰਜਕਾਰੀ ਅਤੇ ਅਕਾਦਮਿਕ ਅਧਿਕਾਰੀ ਹੋਵੇਗਾ ਅਤੇ ਉਹ ਵਿਨਿਯਮਾਂ ਦੀ ਅਨੁਸਾਰਤਾ ਵਿੱਚ ਇਸ ਦੇ ਕਾਰ-ਵਿਹਾਰਾਂ ਉੱਤੇ ਆਮ ਕੰਟਰੋਲ ਰੱਖੇਗਾ ਅਤੇ ਯੂਨੀਵਰਸਿਟੀ ਦੀਆਂ ਅਥਾਰਟੀਆਂ ਦੇ ਫ਼ੈਸਲਿਆਂ ਨੂੰ ਪ੍ਰਭਾਵੀ ਬਣਾਏਗਾ।

(7) ਵਾਈਸ-ਚਾਂਸਲਰ ਕੋਲ ਅਕਾਦਮਿਕ ਕੌਂਸਲ ਦੀਆਂ ਇਕੱਤਰਤਾਵਾਂ ਬੁਲਾਉਣ ਦੀ ਸ਼ਕਤੀ ਹੋਵੇਗੀ।

(8) ਇਹ ਵਾਈਸ-ਚਾਂਸਲਰ ਦਾ ਕਰਤੱਵ ਹੋਵੇਗਾ ਕਿ ਉਹ ਇਹ ਸੁਨਿਸ਼ਚਿਤ ਕਰੇ ਕਿ ਇਸ ਐਕਟ ਅਤੇ ਵਿਨਿਯਮਾਂ ਦੇ ਉਪਬੰਧਾਂ ਦੀ ਵਫ਼ਾਦਾਰੀ ਨਾਲ ਪਾਲਣਾ ਕੀਤੀ ਜਾਂਦੀ ਹੈ ਅਤੇ ਉਸ ਕੋਲ ਇਸ ਪ੍ਰਯੋਜਨ ਲਈ ਜ਼ਰੂਰੀ ਸਾਰੀਆਂ ਸ਼ਕਤੀਆਂ ਹੋਣਗੀਆਂ।

(9) ਜੇ, ਵਾਈਸ-ਚਾਂਸਲਰ ਦੀ ਰਾਏ ਵਿੱਚ ਕੋਈ ਸੰਕਟਕਾਲ ਪੈਦਾ ਹੋ ਗਿਆ ਹੈ ਜਿਸ ਲਈ ਤੁਰੰਤ ਕਾਰਵਾਈ ਕਰਨੀ ਲੋੜੀਂਦੀ ਹੈ, ਤਾਂ ਵਾਈਸ-ਚਾਂਸਲਰ ਚੇਅਰਮੈਨ ਦੀ ਪ੍ਰਵਾਨਗੀ ਨਾਲ ਅਜਿਹੀ ਕਾਰਵਾਈ ਕਰੇਗਾ ਜੋ ਉਹ ਜ਼ਰੂਰੀ ਸਮਝੇ ਅਤੇ ਅਗਲੀ ਇਕੱਤਰਤਾ ਵਿੱਚ ਉਸਦੀ ਪੁਸ਼ਟੀ ਲਈ ਉਸ ਅਥਾਰਟੀ ਨੂੰ ਰਿਪੋਟ ਕਰੇਗਾ, ਜੋ ਸਾਧਾਰਨ ਅਨੁਕ੍ਰਮ ਤੇ ਇਸ ਮਾਮਲੇ ਨਾਲ ਨਜਿੱਠਦੀ:

ਪਰੰਤੂ ਜਿੱਥੇ ਵਾਈਸ-ਚਾਂਸਲਰ ਦੁਆਰਾ ਕੀਤੀ ਗਈ ਅਜਿਹੀ ਕੋਈ ਕਾਰਵਾਈ ਸਬੰਧਤ ਅਥਾਰਟੀ ਦੁਆਰਾ ਪ੍ਰਵਾਨ ਨਹੀਂ ਕੀਤੀ ਜਾਂਦੀ ਹੈ, ਤਾਂ ਉਹ ਉਸ ਮਾਮਲੇ ਨੂੰ ਚਾਂਸਲਰ ਨੂੰ ਭੇਜ ਸਕੇਗਾ, ਜਿਸ ਤੇ ਉਸ ਦਾ ਫ਼ੈਸਲਾ ਅੰਤਿਮ ਹੋਵੇਗਾ:

ਪਰੰਤੂ ਇਹ ਹੋਰ ਕਿ ਜਿੱਥੇ ਚਾਂਸਲਰ ਦੁਆਰਾ ਕੀਤੀ ਗਈ ਅਜਿਹੀ ਕੋਈ ਕਾਰਵਾਈ ਯੂਨੀਵਰਸਿਟੀ ਦੀ ਸੇਵਾ ਵਿੱਚ ਕਿਸੇ ਵਿਅਕਤੀ ਨੂੰ ਪ੍ਰਭਾਵਤ ਕਰਦੀ ਹੈ, ਤਾਂ ਅਜਿਹਾ ਵਿਅਕਤੀ ਅਜਿਹੀ ਕਾਰਵਾਈ ਦਾ ਨੋਟਿਸ ਪ੍ਰਾਪਤ ਹੋਣ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਦੇ ਅੰਦਰ ਬੋਰਡ ਨੂੰ ਅਪੀਲ ਕਰਨ ਦਾ ਹੱਕਦਾਰ ਹੋਵੇਗਾ।

ਰਜਿਸਟਰਾਰ ਦੀ ਨਿਯੁਕਤੀ, ਸ਼ਕਤੀਆਂ, ਕਰਤੱਵ ਅਤੇ ਸੇਵਾ ਦੀਆਂ ਸ਼ਰਤਾਂ।

10. (1) ਰਜਿਸਟਰਾਰ ਬੋਰਡ ਦੁਆਰਾ ਵਾਈਸ-ਚਾਂਸਲਰ ਦੀਆਂ ਸਿਫ਼ਾਰਸਾਂ ਤੇ ਤਿੰਨ ਸਾਲ ਦੀ ਮੁੱਦਤ ਲਈ ਨਿਯੁਕਤ ਕੀਤਾ ਜਾਵੇਗਾ, ਜਿਸ ਨੂੰ ਤਿੰਨ ਸਾਲਾਂ ਦੀ ਇੱਕ ਹੋਰ ਅਉਧ ਲਈ ਵਧਾਇਆ ਜਾ ਸਕੇਗਾ।

(2) ਰਜਿਸਟਰਾਰ ਦੀ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ, ਜੋ ਬੋਰਡ ਦੁਆਰਾ ਨਿਰਧਾਰਤ ਕੀਤੀਆਂ ਜਾਣ।

(3) ਰਜਿਸਟਰਾਰ ਬੋਰਡ ਅਤੇ ਅਕਾਦਮਿਕ ਕੌਂਸਲ ਦਾ ਅਹੁਦੇ-ਕਾਰਨ ਸਕੱਤਰ ਹੋਵੇਗਾ।

(4) ਰਜਿਸਟਰਾਰ ਦਾ ਇਹ ਕਰਤੱਵ ਹੋਵੇਗਾ ਕਿ ਉਹ,-

(ੳ) ਯੂਨੀਵਰਸਿਟੀ ਦੇ ਰਿਕਾਰਡ, ਸਾਂਝੀ ਮੁਹਰ ਅਤੇ ਅਜਿਹੀ ਹੋਰ ਸੰਪੱਤੀ ਦਾ ਸਪੁਰਦਾਰ ਹੋਵੇ ਜੋ ਬੋਰਡ ਉਸ ਦੇ ਚਾਰਜ ਵਿੱਚ ਸੌਂਪੇ;

(ਅ) ਬੋਰਡ ਅਤੇ ਅਕਾਦਮਿਕ ਕੌਂਸਲ ਦੀਆਂ ਸਾਰੀਆਂ ਇਕੱਤਰਤਾਵਾਂ ਦੀ ਕਾਰਵਾਈ ਰਿਪੋਟ ਰੱਖੇ;

(ੲ) ਬੋਰਡ ਅਤੇ ਅਕਾਦਮਿਕ ਕੌਂਸਲ ਦੇ ਸਰਕਾਰੀ ਪੱਤਰ-ਵਿਹਾਰ ਦਾ ਸੰਚਾਲਣ ਕਰੇ;

(ਸ) ਯੂਨੀਵਰਸਿਟੀ ਦੀ ਪ੍ਰੀਖਿਆ ਲਈ ਪ੍ਰਬੰਧ ਕਰੇ ਅਤੇ ਉਸ ਦੀ ਨਿਗਰਾਨੀ ਕਰੇ;

(ਹ) ਚਾਂਸਲਰ ਨੂੰ ਅਥਾਰਟੀਆਂ ਦੀਆਂ ਇਕੱਤਰਤਾਵਾਂ ਦੇ ਏਜੰਡੇ ਦੀਆਂ ਨਕਲਾਂ ਜਿਉਂ ਹੀ ਉਹ ਜਾਰੀ ਕੀਤੀਆਂ ਜਾਂਦੀਆਂ ਹਨ, ਅਤੇ ਅਥਾਰਟੀਆਂ ਦੀਆਂ ਇਕੱਤਰਤਾਵਾਂ ਦੀਆਂ ਕਾਰਵਾਈ ਰਿਪੋਟਾਂ ਸਾਧਾਰਨ ਤੌਰ ਤੇ ਇਕੱਤਰਤਾਵਾਂ ਹੋਣ ਤੋਂ ਇੱਕ ਮਹੀਨੇ ਦੀ ਮੁੱਦਤ ਅੰਦਰ ਸਪਲਾਈ ਕਰੇ; ਅਤੇ

(ਕ) ਅਜਿਹੇ ਹੋਰ ਕਰਤੱਵ ਨਿਭਾਵੇ ਜੋ ਸਮੇਂ ਸਮੇਂ ਤੇ ਵਾਈਸ-ਚਾਂਸਲਰ ਜਾਂ ਬੋਰਡ ਦੁਆਰਾ ਉਸ ਨੂੰ ਸੌਂਪੇ ਜਾਣ।

11. (1) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਚਾਂਸਲਰ, ਵਾਈਸ-ਚਾਂਸਲਰ ਅਤੇ ਰਜਿਸਟਰਾਰ ਤੋਂ ਇਲਾਵਾ, ਯੂਨੀਵਰਸਿਟੀ ਦੇ ਅਧਿਕਾਰੀਆਂ ਦੀਆਂ ਸ਼ਕਤੀਆਂ ਅਤੇ ਕਰਤੱਵ, ਉਹ ਅਉਧ ਜਿਸ ਲਈ ਉਹ ਅਹੁਦਾ ਧਾਰਨ ਕਰਨਗੇ ਅਤੇ ਅਜਿਹੇ ਅਹੁਦਿਆਂ ਵਿੱਚ ਅਸਥਾਈ ਖ਼ਾਲੀ ਅਸਾਮੀਆਂ ਨੂੰ ਭਰਨਾ, ਵਿਨਿਯਮਾਂ ਦੁਆਰਾ ਉਪਬੰਧਤ ਕੀਤੇ ਜਾਣਗੇ। ਅਧਿਕਾਰੀਆਂ ਦੀ ਨਿਯੁਕਤੀ, ਸ਼ਕਤੀਆਂ, ਕਰਤੱਵ ਅਤੇ ਉਨ੍ਹਾਂ ਦੇ ਅਹੁਦੇ ਦੇ ਨਿਬੰਧਨ ਆਦਿ।

(2) ਚਾਂਸਲਰ, ਵਾਈਸ-ਚਾਂਸਲਰ ਅਤੇ ਰਜਿਸਟਰਾਰ ਤੋਂ ਇਲਾਵਾ, ਯੂਨੀਵਰਸਿਟੀ ਦੇ ਅਧਿਕਾਰੀਆਂ ਦੀ ਨਿਯੁਕਤੀ ਦਾ ਢੰਗ, ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਅਤੇ ਕਾਜਕਾਰ ਵੀ ਵਿਨਿਯਮਾਂ ਦੁਆਰਾ ਉਪਬੰਧਤ ਕੀਤੇ ਜਾਣਗੇ ਜਿੱਥੋਂ ਤੱਕ ਉਹ ਇੱਥੇ ਉਪਬੰਧਤ ਨਹੀਂ ਕੀਤੇ ਗਏ ਹਨ।

12. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਅਥਾਰਟੀਆਂ ਹੋਣਗੀਆਂ, ਅਰਥਾਤ:- ਯੂਨੀਵਰਸਿਟੀ ਦੀਆਂ ਅਥਾਰਟੀਆਂ।

(ੳ) ਗਵਰਨਰਾਂ ਦਾ ਬੋਰਡ;

(ਅ) ਅਕਾਦਮਿਕ ਕੌਂਸਲ;

(ੲ) ਫੈਕਲਟੀਆਂ;

(ਸ) ਅਧਿਐਨ ਬੋਰਡ;

(ਹ) ਯੋਜਨਾ ਬੋਰਡ;

(ਕ) ਵਿੱਤ ਕਮੇਟੀ; ਅਤੇ

(ਖ) ਅਜਿਹੀਆਂ ਹੋਰ ਅਥਾਰਟੀਆਂ, ਜੋ ਵਿਨਿਯਮਾਂ ਦੁਆਰਾ ਯੂਨੀਵਰਸਿਟੀ ਦੀਆਂ ਅਥਾਰਟੀਆਂ ਐਲਾਨੀਆਂ ਜਾਣ।

13. (1) ਬੋਰਡ ਇੱਕ ਚੇਅਰਮੈਨ, ਬਾਰਾਂ ਅਹੁਦੇ-ਕਾਰਨ ਮੈਂਬਰਾਂ (ਵਾਈਸ-ਚੇਅਰਮੈਨ ਸਮੇਤ) ਅਤੇ ਛੇ ਨਾਮਜ਼ਦ ਮੈਂਬਰਾਂ ਤੋਂ ਮਿਲ ਕੇ ਬਣੇਗਾ। ਗਵਰਨਰਾਂ ਦਾ ਬੋਰਡ।

(2) ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਦਾ ਇੰਚਾਰਜ ਮੰਤਰੀ ਚੇਅਰਮੈਨ ਹੋਵੇਗਾ।

(3) ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਵਾਈਸ-ਚੇਅਰਮੈਨ ਹੋਵੇਗਾ। ਚੇਅਰਮੈਨ ਦੀ ਗੈਰ-ਹਾਜ਼ਰੀ ਵਿੱਚ ਵਾਈਸ-ਚੇਅਰਮੈਨ, ਚੇਅਰਮੈਨ ਵਜੋਂ ਕਾਰਜ ਕਰੇਗਾ।

(4) (ੳ) ਚੇਅਰਮੈਨ ਸਾਧਾਰਨ ਤੌਰ ਤੇ ਬੋਰਡ ਦੀਆਂ ਇਕੱਤਰਤਾਵਾਂ ਦੀ ਪ੍ਰਧਾਨਗੀ ਕਰੇਗਾ।

(ਅ) ਚਾਂਸਲਰ ਯੂਨੀਵਰਸਿਟੀ ਦੀ ਕਾਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ ਅਤੇ ਜੇ ਉਹ ਇਸ ਦੀ ਪ੍ਰਧਾਨਗੀ ਕਰਨ ਦੇ ਅਸਮਰੱਥ ਹੈ, ਉਦੋਂ ਚੇਅਰਮੈਨ ਕਾਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(5) (ੳ) ਚਾਂਸਲਰ, ਰਾਜ ਸਰਕਾਰ ਦੀ ਸਲਾਹ ਤੇ, ਬੋਰਡ ਦੇ ਹੇਠ-ਲਿਖੇ ਮੈਂਬਰਾਂ ਨੂੰ ਤਿੰਨ ਸਾਲਾਂ ਦੀ ਮੁੱਦਤ ਲਈ ਨਾਮਜ਼ਦ ਕਰੇਗਾ ਅਤੇ ਉਹ ਉਸੇ ਮੁੱਦਤ ਦੀ ਇੱਕ ਹੋਰ ਅਉਧ ਲਈ ਮੁੜ-ਨਾਮਜ਼ਦਗੀ ਦੇ ਪਾਤਰ ਹੋਣਗੇ, ਅਰਥਾਤ:-

(i) ਉੱਘੇ ਉਦਯੋਗਪਤੀਆਂ ਵਿੱਚੋਂ ਦੋ ਮੈਂਬਰ;

(ii) ਉੱਘੇ ਸਿੱਖਿਆ ਸ਼ਾਸਤਰੀਆਂ ਵਿੱਚੋਂ ਦੋ ਮੈਂਬਰ; ਅਤੇ

(iii) ਯੂਨੀਵਰਸਿਟੀ ਦੇ ਵਿਭਾਗਾਂ ਦੇ ਮੁੱਖੀਆਂ ਵਿੱਚੋਂ ਵਾਰੀ ਨਾਲ ਵਿਭਾਗਾਂ ਦੇ ਦੋ ਮੁੱਖੀ।

(ਅ) ਹੇਠ–ਲਿਖੇ ਅਹੁਦੇ–ਕਾਰਨ ਮੈਂਬਰ ਹੋਣਗੇ, ਅਰਥਾਤ:–

(i) ਵਾਈਸ–ਚਾਂਸਲਰ, ਸਰਦਾਰ ਬੇਅੰਤ ਸਿਘ ਰਾਜ ਯੂਨੀਵਰਸਿਟੀ;

(ii) ਵਾਈਸ–ਚਾਂਸਲਰ, ਆਈ. ਕੇ. ਗੁਜਰਾਲ ਪੰਜਾਬ, ਤਕਨੀਕੀ ਯੂਨੀਵਰਸਿਟੀ;

(iii) ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ;

(iv) ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ;

(v) ਗੁਰਦਾਸਪੁਰ ਵਿਧਾਨ ਸਭਾ ਹਲਕੇ ਤੋਂ ਪੰਜਾਬ ਵਿਧਾਨ ਸਭਾ ਦਾ ਮੈਂਬਰ;

(vi) ਦੀਨਾਨਗਰ ਵਿਧਾਨ ਸਭਾ ਹਲਕੇ ਤੋਂ ਪੰਜਾਬ ਵਿਧਾਨ ਸਭਾ ਦਾ ਮੈਂਬਰ;

(vii) ਡਾਇਰੈਕਟਰ, ਭਾਰਤੀ ਪ੍ਰਬੰਧਨ ਸੰਸਥਾਨ, ਅੰਮ੍ਰਿਤਸਰ;

(viii) ਡਾਇਰੈਕਟਰ, ਭਾਰਤੀ ਤਕਨੀਕੀ ਸੰਸਥਾਨ, ਰੋਪੜ;

(ix) ਵਾਈਸ–ਚੇਅਰਮੈਨ, ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਨਵੀਂ ਦਿੱਲੀ ਜਾਂ ਉਸ ਦਾ ਨਾਮਜ਼ਦ ਵਿਅਕਤੀ;

(x) ਭਾਰਤੀ ਉਦਯੋਗ ਸੰਘ ਦਾ ਪ੍ਰਧਾਨ ਜਾਂ ਉਸ ਦਾ ਨਾਮਜ਼ਦ; ਅਤੇ

(xi) ਪੀਐੱਚਡੀ ਵਪਾਰ ਮੰਡਲ ਅਤੇ ਉਦਯੋਗ ਦਾ ਪ੍ਰਧਾਨ ਜਾਂ ਉਸ ਦਾ ਨਾਮਜ਼ਦ ਵਿਅਕਤੀ।

(6) ਜਦੋਂ ਬੋਰਡ ਵਿੱਚ ਕਿਸੇ ਮੈਂਬਰ ਦੇ ਅਸਤੀਫ਼ੇ ਜਾਂ ਮੌਤ ਜਾਂ ਕਿਸੇ ਹੋਰ ਕਾਰਨ ਕਰਕੇ ਕੋਈ ਅਸਾਮੀ ਖ਼ਾਲੀ ਹੋ ਜਾਂਦੀ ਹੈ, ਤਾਂ ਉਸ ਨੂੰ ਉਪ-ਧਾਰਾ (5) ਵਿੱਚ ਉਪਬੰਧਤ ਕੀਤੇ ਗਏ ਤਰੀਕੇ ਨਾਲ ਭਰਿਆ ਜਾਵੇਗਾ:

ਪਰੰਤੂ ਅਜਿਹੀ ਖ਼ਾਲੀ ਥਾਂ ਭਰਨ ਵਾਲਾ ਵਿਅਕਤੀ ਉਸ ਅਉਧ ਦੇ ਅਣਗੁਜ਼ਰੇ ਹਿੱਸੇ ਲਈ ਅਹੁਦਾ ਧਾਰਨ ਕਰੇਗਾ ਜਿਸ ਲਈ ਉਹ ਵਿਅਕਤੀ ਜਿਸ ਦੀ ਥਾਂ ਤੇ ਉਹ ਮੈਂਬਰ ਬਣਦਾ ਹੈ, ਹੋਰ ਤਰ੍ਹਾਂ ਅਹੁਦੇ ਤੇ ਬਣਿਆ ਰਹਿੰਦਾ।

(7) ਬੋਰਡ ਯੂਨੀਵਰਸਿਟੀ ਦੀ ਸਰਵ-ਉੱਚ ਅਥਾਰਟੀ ਹੋਵੇਗੀ ਅਤੇ ਇਸ ਦੀਆਂ ਹੇਠ-ਲਿਖੀਆਂ ਸ਼ਕਤੀਆਂ ਅਤੇ ਕਾਜਕਾਰ ਹੋਣਗੇ, ਅਰਥਾਤ:-

(ੳ) ਯੂਨੀਵਰਸਿਟੀ ਦੇ ਕਾਰ-ਵਿਹਾਰਾਂ ਦੀ ਨਿਗਰਾਨੀ ਅਤੇ ਕੰਟਰੋਲ ਕਰਨਾ;

(ਅ) ਅਕਾਦਮਿਕ ਪ੍ਰੋਗਰਾਮਾਂ ਨੂੰ ਪ੍ਰਵਾਨ ਕਰਨਾ;

(ੲ) ਵਿਨਿਯਮਾਂ ਨੂੰ ਬਣਾਉਣਾ ਅਤੇ ਪ੍ਰਵਾਨ ਕਰਨਾ;

(ਸ) ਭਿੰਨ-ਭਿੰਨ ਅਕਾਦਮਿਕ ਪ੍ਰੋਗਰਾਮਾਂ ਨੂੰ ਚਲਾਉਣ ਲਈ ਵਿਭਾਗਾਂ/ਕੇਂਦਰਾਂ/ ਸਕੂਲਾਂ/ ਅਧਿਐਨ ਬੋਰਡਾਂ ਨੂੰ ਸਿਰਜਣਾ;

(ਹ) ਯੂਨੀਵਰਸਿਟੀ ਵਿੱਚ ਫੈਕਲਟੀ ਅਤੇ ਅਮਲੇ ਦੀਆਂ ਪਦਵੀਆਂ ਦੀ ਸਿਰਜਣਾ ਕਰਨਾ;

(ਗ) ਯੂਨੀਵਰਸਿਟੀ ਦੀ ਚੁੱਕਵੀਂ, ਅਚੁੱਕਵੀਂ ਅਤੇ ਬੌਧਿਕ ਸੰਪੱਤੀ ਨੂੰ ਸਵੀਕਾਰ ਕਰਨਾ, ਮੁੰਤਕਿਲ ਕਰਨਾ ਅਤੇ ਹੋਰ ਤਰ੍ਹਾਂ ਕੰਟਰੋਲ ਕਰਨਾ;

(ਘ) ਯੂਨੀਵਰਸਿਟੀ ਦੀ ਸਾਂਝੀ ਮੁਹਰ ਦੇ ਰੂਪ ਅਤੇ ਵਰਤੋਂ ਬਾਰੇ ਫ਼ੈਸਲਾ ਕਰਨਾ;

(ਙ) ਅਜਿਹੀਆਂ ਕਮੇਟੀਆਂ ਨਿਯੁਕਤ ਕਰਨਾ ਜੋ ਯੂਨੀਵਰਸਿਟੀ ਦੇ ਕਾਰਜ-ਕੁਸ਼ਲ ਕਾਰਜਕਾਰਤਾ ਲਈ ਲੋੜੀਂਦੀਆਂ ਹੋਣ;

(ਚ) ਯੂਨੀਵਰਸਿਟੀ ਦੀ ਫੈਕਲਟੀ ਅਤੇ ਅਮਲੇ ਦੀਆਂ ਉਪਲੱਭਤਾਂ ਅਤੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਨੂੰ ਪ੍ਰਵਾਨ ਕਰਨਾ; ਅਤੇ

(ਛ) ਮੁਆਇਦੇ ਤੇ ਕੰਮਾਂ ਅਤੇ ਸੇਵਾਵਾਂ ਦੇ ਪ੍ਰਦਰਸ਼ਨ ਨੂੰ ਪ੍ਰਵਾਨ ਕਰਨਾ।

(8) ਬੋਰਡ ਦੀ ਇੱਕ ਸਲਾਨਾ ਇਕੱਤਰਤਾ ਵਾਈਸ-ਚਾਂਸਲਰ ਦੁਆਰਾ ਚੇਅਰਮੇਨ ਨਾਲ ਮਸ਼ਵਰਾ ਕਰਕੇ ਨਿਯਤ ਕੀਤੀ ਜਾਣ ਵਾਲੀ ਤਰੀਕ ਨੂੰ ਆਯੋਜਿਤ ਕੀਤੀ ਜਾਵੇਗੀ। ਅਜਿਹੀ ਸਲਾਨਾ ਇਕੱਤਰਤਾ ਵਿੱਚ, ਪੂਰਵਲੇ ਸਾਲ ਦੌਰਾਨ ਯੂਨੀਵਰਸਿਟੀ ਦੇ ਕੰਮਕਾਜ ਦੀ ਰਿਪੋਟ, ਆਮਦਨ ਅਤੇ ਖ਼ਰਚਿਆਂ ਦੇ ਵਿਵਰਣ, ਸੰਤੁਲਨ ਪੱਤਰ ਅਤੇ ਵਿੱਤੀ ਅਨੁਮਾਨਾਂ ਸਹਿਤ ਪੇਸ਼ ਕੀਤੀ ਜਾਵੇਗੀ।

(9) ਬੋਰਡ ਦੀ ਵਿਸ਼ੇਸ਼ ਇਕੱਤਰਤਾ ਚੇਅਰਮੈਨ ਦੁਆਰਾ, ਜਿਵੇਂ ਅਤੇ ਜਦ ਜ਼ਰੂਰੀ ਹੋਵੇ, ਬੁਲਾਈ ਜਾ ਸਕੇਗੀ।

(10) ਬੋਰਡ ਦੇ ਮੈਂਬਰ ਯੂਨੀਵਰਸਿਟੀ ਤੋਂ ਅਜਿਹੇ ਭੱਤਿਆਂ, ਜੇ ਕੋਈ ਹੋਣ, ਅਤੇ ਬੈਠਕ ਦੀਆਂ ਫ਼ੀਸਾਂ ਦੇ ਹੱਕਦਾਰ ਹੋਣਗੇ ਜਿਵੇਂ ਵਿਨਿਯਮਾਂ ਵਿੱਚ ਉਪਬੰਧਤ ਕੀਤਾ ਜਾਵੇ, ਪਰ ਇਸ ਧਾਰਾ ਦੀ ਉਪ-ਧਾਰਾ (5) ਦੇ ਖੰਡ (ੳ) ਦੇ ਉਪ-ਖੰਡ (iii) ਅਤੇ ਖੰਡ (ਅ) ਦੇ ਉਪ-ਖੰਡ (i) ਵਿੱਚ ਦਰਸਾਏ ਗਏ ਵਿਅਕਤੀਆਂ ਤੋਂ ਇਲਾਵਾ ਕੋਈ ਮੈਂਬਰ ਕਿਸੇ ਤਨਖਾਹ ਦਾ ਹੱਕਦਾਰ ਨਹੀਂ ਹੋਵੇਗਾ।

(11) ਬੋਰਡ ਦੀ ਕਿਸੇ ਇਕੱਤਰਤਾ ਵਿੱਚ ਚੇਅਰਮੈਨ ਸਮੇਤ, ਛੇ ਮੈਂਬਰ ਕੋਰਮ ਬਣਾਉਣਗੇ।

(12) ਮੈਂਬਰਾਂ ਵਿਚਕਾਰ ਰਾਏ ਤੇ ਮੱਤਭੇਦ ਹੋਣ ਦੀ ਸੂਰਤ ਵਿੱਚ, ਬਹੁਮਤ ਦੀ ਰਾਏ ਪ੍ਰਬਲ ਹੋਵੇਗੀ।

(13) ਬੋਰਡ ਦੇ ਹਰੇਕ ਮੈਂਬਰ, ਸਮੇਤ ਚੇਅਰਮੈਨ, ਕੋਲ ਇੱਕ ਵੋਟ ਹੋਵੇਗੀ। ਜੇ ਬੋਰਡ ਦੁਆਰਾ ਨਿਰਧਾਰਤ ਕੀਤੇ ਜਾਣ ਵਾਲੇ ਕਿਸੇ ਵੀ ਪ੍ਰਸ਼ਨ ਤੇ ਵੋਟਾਂ ਦੀ ਬਰਾਬਰੀ ਹੋਵੇਗੀ, ਤਾਂ ਚੇਅਰਮੈਨ ਕੋਲ, ਇਸ ਤੋਂ ਇਲਾਵਾ, ਇੱਕ ਨਿਰਣਾਇਕ ਵੋਟ ਦੀ ਵਰਤੋਂ ਕਰਨ ਦੀ ਸ਼ਕਤੀ ਹੋਵੇਗੀ।

(14) ਬੋਰਡ ਦੀ ਹਰੇਕ ਇਕੱਤਰਤਾ ਦੀ ਪ੍ਰਧਾਨਗੀ ਚੇਅਰਮੈਨ ਦੁਆਰਾ ਕੀਤੀ ਜਾਵੇਗੀ ਅਤੇ ਉਸ ਦੀ ਗੈਰ-ਹਾਜ਼ਰੀ ਵਿੱਚ ਵਾਈਸ-ਚੇਅਰਮੈਨ ਇਕੱਤਰਤਾ ਦੀ ਪ੍ਰਧਾਨਗੀ ਕਰੇਗਾ।

(15) ਕੋਈ ਮਤਾ, ਬੋਰਡ ਦੀ ਇਕੱਤਰਤਾ ਦੇ ਸਾਹਮਣੇ ਰੱਖੇ ਜਾਣ ਵਾਲੇ ਅਜਿਹੇ ਮਤੇ ਨੂੰ ਛੱਡ ਕੇ, ਇਸ ਦੇ ਸਾਰੇ ਮੈਂਬਰਾਂ ਵਿਚਕਾਰ ਸਰਕੂਲੇਸ਼ਨ ਦੁਆਰਾ ਅਪਣਾਇਆ ਜਾ ਸਕੇਗਾ। ਇਸ ਤਰ੍ਹਾਂ ਸਰਕੂਲੇਟ ਕੀਤਾ ਅਤੇ ਮੈਂਬਰਾਂ ਦੀ ਬਹੁਗਿਣਤੀ ਦੁਆਰਾ ਅਪਣਾਇਆ ਗਿਆ ਕੋਈ ਵੀ ਮਤਾ ਜਿਨ੍ਹਾਂ ਨੇ ਅਜਿਹੇ ਮਤੇ ਨੂੰ ਆਪਣੀ ਪ੍ਰਵਾਨਗੀ ਜਾਂ ਅਪ੍ਰਵਾਨਗੀ ਦਿੱਤੀ ਹੈ, ਉਨ੍ਹਾਂ ਹੀ ਪ੍ਰਭਾਵਸ਼ਾਲੀ ਅਤੇ ਬੰਧਨਕਾਰੀ ਹੋਵੇਗਾ ਜਿਵੇਂ ਅਜਿਹਾ ਮਤਾ ਬੋਰਡ ਦੀ ਇਕੱਤਰਤਾ ਵਿੱਚ ਅਪਣਾਇਆ ਗਿਆ ਹੋਵੇ:

ਪਰੰਤੂ ਅਜਿਹੇ ਸਰਕੂਲੇਸ਼ਨ ਦੁਆਰਾ ਕਿਸੇ ਫ਼ੈਸਲੇ ਲਈ ਬੋਰਡ ਦੇ ਘੱਟੋ-ਘੱਟ ਚਾਰ ਮੈਂਬਰਾਂ ਵੱਲੋਂ ਲਿਖਤੀ ਰੂਪ ਵਿੱਚ ਮਤੇ ਦਾ ਸਮਰਥਨ ਕਰਨਾ ਚਾਹੀਦਾ ਹੈ।

14. (1) ਅਕਾਦਮਿਕ ਕੌਂਸਲ ਯੂਨੀਵਰਸਿਟੀ ਦੀ ਅਕਾਦਮਿਕ ਬੌਡੀ ਹੋਵੇਗੀ ਅਕਾਦਮਿਕ ਕੌਂਸਲ। ਅਤੇ, ਇਸ ਐਕਟ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਤਾਬੇ, ਯੂਨੀਵਰਸਿਟੀ ਦੇ ਅੰਦਰ ਸਿੱਖਿਆ-ਦੀਖਿਆ, ਸਿੱਖਿਆ ਅਤੇ ਪ੍ਰੀਖਿਆ ਦੇ ਮਿਆਰ ਨੂੰ ਬਣਾਈ ਰੱਖਣ ਲਈ ਕੰਟਰੋਲ ਹੋਵੇਗਾ ਅਤੇ ਜ਼ਿੰਮੇਵਾਰ ਹੋਵੇਗੀ ਅਤੇ ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰੇਗੀ ਅਤੇ ਅਜਿਹੇ ਹੋਰ ਕਰਤੱਵ ਨਿਭਾਏਗੀ, ਜੋ ਵਿਨਿਯਮਾਂ ਦੁਆਰਾ ਇਸ ਨੂੰ ਪ੍ਰਦਾਨ ਕੀਤੀਆਂ ਜਾਂ ਅਰੋਪੀਆਂ ਜਾਣ। ਇਸ ਨੂੰ ਸਾਰੇ ਅਕਾਦਮਿਕ ਮਾਮਲਿਆਂ ਤੇ ਬੋਰਡ ਨੂੰ ਸਲਾਹ ਦੇਣ ਦਾ ਅਧਿਕਾਰ ਹੋਵੇਗਾ।

(2) ਅਕਾਦਮਿਕ ਕੌਂਸਲ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | | |
|---|---|---|---|
| (i) | ਵਾਈਸ-ਚਾਂਸਲਰ; | : | ਚੇਅਰਮੈਨ |
| (ii) | ਫੈਕਲਟੀਆਂ ਦੇ ਡੀਨ; | : | ਮੈਂਬਰ |
| (iii) | ਯੂਨੀਵਰਸਿਟੀ ਦੇ ਸਾਰੇ ਵਿਭਾਗਾਂ/ਸਕੂਲਾਂ ਦੇ ਮੁੱਖੀ; | : | ਮੈਂਬਰ |
| (iv) | ਬੋਰਡ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਰਾਜ ਵਿੱਚ ਸਥਿਤ ਤਿੰਨ ਕਾਲਜਾਂ ਦੇ ਪ੍ਰਿੰਸੀਪਲ; | : | ਮੈਂਬਰ |
| (v) | ਡਾਇਰੈਕਟਰ, ਭਾਰਤੀ ਤਕਨੀਕੀ ਸੰਸਥਾਨ, ਰੋਪੜ (ਪੰਜਾਬ); | : | ਮੈਂਬਰ |
| (vi) | ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ; | : | ਮੈਂਬਰ |
| (vii) | ਬੋਰਡ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਦੋ ਉੱਘੇ ਉਦਯੋਗਪਤੀ; ਅਤੇ | : | ਮੈਂਬਰ |
| (viii) | ਬੋਰਡ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਦੋ ਉੱਘੇ ਸਿੱਖਿਆ | : | ਮੈਂਬਰ |

ਲੜੀ ਨੰ: (iv), (vii) ਅਤੇ (viii) ਵਿੱਚ ਜ਼ਿਕਰ ਕੀਤੇ ਗਏ ਮੈਂਬਰਾਂ ਦੀ ਨਾਮਜ਼ਦਗੀ ਦੋ ਸਾਲਾਂ ਦੀ ਮੁੱਦਤ ਲਈ ਹੋਵੇਗੀ।

15. (1) ਯੋਜਨਾ ਬੋਰਡ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗਾ,- ਯੋਜਨਾ ਬੋਰਡ।

(ੳ) ਵਾਈਸ-ਚਾਂਸਲਰ;

(ਅ) ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ ਜਾਂ ਉਸ ਦਾ ਨਾਮਜ਼ਦ;

(ੲ) ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ ਜਾਂ ਉਸ ਦਾ ਨਾਮਜ਼ਦ;

(ਸ) ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਜਾਂ ਉਸ ਦਾ ਨਾਮਜ਼ਦ;

(ਹ) ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਜਾਂ ਉਸ ਦਾ ਨਾਮਜ਼ਦ;

(ਕ) ਜਨਤਕ ਜੀਵਨ, ਸਿੱਖਿਆ ਅਤੇ ਉਦਯੋਗ ਵਿੱਚ ਉੱਚ ਤਜਰਬੇ ਵਾਲੇ ਦਸ ਤੋਂ ਨ ਵੱਧ ਵਿਅਕਤੀ, ਜਿਹੜੇ ਰਾਜ ਸਰਕਾਰ ਦੁਆਰਾ ਨਿਯੁਕਤ ਕੀਤੇ ਜਾਣਗੇ; ਅਤੇ

(ਖ) ਰਜਿਸਟਰਾਰ ਯੋਜਨਾ ਬੋਰਡ ਦਾ ਸਕੱਤਰ ਹੋਵੇਗਾ।

(2) ਯੋਜਨਾ ਬੋਰਡ ਦੀਆਂ ਸਿਫ਼ਾਰਸ਼ਾਂ ਯੂਨੀਵਰਸਿਟੀ ਦੀਆਂ ਮੁਨਾਸਬ ਅਥਾਰਟੀਆਂ ਦੁਆਰਾ ਪ੍ਰਵਾਨ ਕੀਤੇ ਜਾਣ ਤੋਂ ਪਿੱਛੋਂ ਲਾਗੂ ਕੀਤੀਆਂ ਜਾਣਗੀਆਂ।

(3) ਯੋਜਨਾ ਬੋਰਡ ਯੂਨੀਵਰਸਿਟੀ ਦੀ ਯੋਜਨਾਬੰਦੀ ਅਤੇ ਵਿਕਾਸ ਬਾਰੇ ਖ਼ਾਸ ਕਰਕੇ ਯੂਨੀਵਰਸਿਟੀ ਵਿੱਚ ਸਿੱਖਿਆ ਅਤੇ ਖੋਜ ਦੇ ਮਿਆਰ ਦੇ ਬਾਰੇ ਵਿੱਚ ਸਲਾਹ ਦੇਵੇਗਾ।

ਵਿੱਤ ਕਮੇਟੀ। 16. (1) ਵਿੱਤ ਕਮੇਟੀ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | | |
|---|---|---|---|
| (i) | ਵਾਈਸ-ਚਾਂਸਲਰ: | : | ਚੇਅਰਮੈਨ |
| (ii) | ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ; | : | ਮੈਂਬਰ |
| (iii) | ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ; | : | ਮੈਂਬਰ |
| (iv) | ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ; ਅਤੇ | : | ਮੈਂਬਰ |
| (v) | ਰਜਿਸਟਰਾਰ। | : | ਮੈਂਬਰ-ਸਕੱਤਰ |

(2) ਵਿੱਤ ਕਮੇਟੀ ਬੋਰਡ ਨੂੰ ਸਾਰੇ ਵਿੱਤੀ ਮਾਮਲਿਆਂ ਬਾਰੇ ਸਲਾਹ ਦੇਵੇਗੀ।

(3) ਵਿੱਤੀ ਭਾਵਰਥਾਂ ਵਾਲੇ ਸਾਰੇ ਮਾਮਲਿਆਂ ਨੂੰ ਪਹਿਲਾਂ ਵਿੱਤ ਕਮੇਟੀ ਦੁਆਰਾ ਪ੍ਰਵਾਨ ਕੀਤਾ ਜਾਵੇਗਾ ਅਤੇ ਸਿਰਫ਼ ਉਸ ਤੋਂ ਬਾਅਦ, ਵਿਚਾਰ ਲਈ ਗਵਰਨਰਾਂ ਦੇ ਬੋਰਡ ਅੱਗੇ ਰੱਖੇ ਜਾਣਗੇ।

ਯੂਨੀਵਰਸਿਟੀ ਦੀਆਂ ਅਥਾਰਟੀਆਂ ਦੀਆਂ ਸ਼ਕਤੀਆਂ ਅਤੇ ਕਰਤੱਵ।

17. ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਬੋਰਡ ਅਤੇ ਅਕਾਦਮਿਕ ਕੌਂਸਲ ਤੋਂ ਇਲਾਵਾ ਯੂਨੀਵਰਸਿਟੀ ਦੀਆਂ ਅਥਾਰਟੀਆਂ ਦਾ ਗਠਨ, ਸ਼ਕਤੀਆਂ ਅਤੇ ਕਰਤੱਵ ਵਿਨਿਯਮਾਂ ਦੁਆਰਾ ਉਪਬੰਧਤ ਕੀਤੇ ਜਾਣਗੇ।

ਵਿਨਿਯਮਾਂ ਦਾ ਬਣਾਉਣਾ, ਸੋਧ, ਨਿਰਸਨ ਅਤੇ ਅਮਲ।

18. (1) ਯੂਨੀਵਰਸਿਟੀ ਦੇ ਪਹਿਲੇ ਵਿਨਿਯਮ ਰਾਜ ਸਰਕਾਰ ਦੁਆਰਾ ਬਣਾਏ ਜਾਣਗੇ ਅਤੇ ਸਰਕਾਰੀ ਗਜ਼ਟ ਵਿੱਚ ਅਧਿਸੂਚਿਤ ਕੀਤੇ ਜਾਣਗੇ।

(2) ਬੋਰਡ ਸਮੇਂ ਸਮੇਂ ਤੇ, ਨਵੇਂ ਜਾਂ ਵਾਧੂ ਵਿਨਿਯਮ ਬਣਾ ਸਕੇਗਾ ਜਾਂ ਵਿਨਿਯਮਾਂ ਵਿੱਚ ਸੋਧ ਜਾਂ ਉਨ੍ਹਾਂ ਨੂੰ ਨਿਰਸਤ ਕਰ ਸਕੇਗਾ:

ਪਰੰਤੂ ਬੋਰਡ ਯੂਨੀਵਰਸਿਟੀ ਦੀ ਕਿਸੇ ਮੌਜੂਦ ਅਥਾਰਟੀ ਦੀ ਪ੍ਰਤਿਸ਼ਠਾ, ਸ਼ਕਤੀਆਂ ਜਾਂ ਗਠਨ ਨੂੰ ਪ੍ਰਭਾਵਿਤ ਕਰਨ ਵਾਲੇ ਵਿਨਿਯਮਾਂ ਦੀ ਸੋਧ ਦਾ ਖਰੜਾ ਤਜਵੀਜ਼ ਨਹੀਂ ਕਰੇਗਾ, ਜਦੋਂ ਤੱਕ ਅਜਿਹੀ ਅਥਾਰਟੀ ਨੂੰ ਤਜਵੀਜ਼ ਤੇ ਰਾਏ ਪ੍ਰਗਟ ਕਰਨ ਦਾ ਮੌਕਾ ਨ ਦੇ ਦਿੱਤਾ ਗਿਆ ਹੋਵੇ ਅਤੇ ਇਸ ਤਰ੍ਹਾਂ ਪ੍ਰਗਟਾਈ ਗਈ ਕੋਈ ਰਾਏ ਲਿਖਤੀ ਰੂਪ ਵਿੱਚ ਹੋਵੇਗੀ ਅਤੇ ਬੋਰਡ ਦੁਆਰਾ ਵਿਚਾਰੀ ਜਾਵੇਗੀ।

(3) ਹਰੇਕ ਨਵੇਂ ਵਿਨਿਯਮ ਜਾਂ ਵਿਨਿਯਮ ਦਾ ਕੋਈ ਵਾਧਾ ਜਾਂ ਕੋਈ ਸੋਧ ਜਾਂ ਨਿਰਸਨ ਰਾਜ ਸਰਕਾਰ ਦੀ ਪ੍ਰਵਾਨਗੀ ਲੋੜੇਗਾ, ਜੋ ਇਸ ਨੂੰ ਪ੍ਰਵਾਨ ਕਰ ਸਕੇਗੀ, ਨ-ਮਨਜ਼ੂਰ ਕਰ ਸਕੇਗੀ ਜਾਂ ਇਸ ਨੂੰ ਅੱਗੇ ਹੋਰ ਵਿਚਾਰਨ ਲਈ ਬੋਰਡ ਨੂੰ ਭੇਜ ਸਕੇਗੀ।

ਵਿਨਿਯਮ। 19. ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਵਿਨਿਯਮ ਹੇਠ-ਲਿਖੇ ਸਾਰੇ ਜਾਂ ਕਿਸੇ ਮਾਮਲਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:-

(ੳ) ਅਕਾਦਮਿਕ ਕੌਂਸਲ ਅਤੇ ਅਜਿਹੀਆਂ ਹੋਰ ਅਥਾਰਟੀਆਂ ਦਾ ਗਠਨ, ਸ਼ਕਤੀਆਂ ਅਤੇ ਕਰਤੱਵ ਜੋ ਸਮੇਂ ਸਮੇਂ ਤੇ ਗਠਤ ਕਰਨ ਲਈ ਜ਼ਰੂਰੀ ਸਮਝੇ ਜਾਣ;

(ਅ) ਯੂਨੀਵਰਸਿਟੀ ਦੇ ਅਧਿਕਾਰੀਆਂ ਦੀਆਂ ਨਿਯੁਕਤੀਆਂ, ਸ਼ਕਤੀਆਂ ਅਤੇ ਕਰਤੱਵ;

(ੲ) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੇ ਫ਼ਾਇਦੇ ਲਈ ਗ੍ਰੈਚੁਇਟੀ ਅਤੇ ਪ੍ਰਾਵੀਡੈਂਟ ਫੰਡ ਦਾ ਗਠਨ ਅਤੇ ਇੱਕ ਬੀਮਾ ਯੋਜਨਾ ਦੀ ਸਥਾਪਨਾ;

(ਸ) ਮਾਨ-ਅਰਥ ਡਿਗਰੀਆਂ ਪ੍ਰਦਾਨ ਕਰਨਾ;

(ਹ) ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਅਕਾਦਮਿਕ ਉਪਾਧੀਆਂ ਦੀ ਵਾਪਸੀ;

(ਕ) ਫ਼ੈਕਲਟੀਆਂ, ਵਿਭਾਗਾਂ, ਵੱਡੇ ਕਮਰਿਆਂ, ਹੋਸਟਲਾਂ, ਕੇਂਦਰਾਂ ਅਤੇ ਸਕੂਲਾਂ ਦੀ ਸਥਾਪਨਾ ਅਤੇ ਗਠਨ;

(ਖ) ਉਹ ਸ਼ਰਤਾਂ ਜਿਨ੍ਹਾਂ ਅਧੀਨ ਸਕੂਲਾਂ ਅਤੇ ਕੇਂਦਰਾਂ ਨੂੰ ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰਾਂ ਵਿੱਚ ਸ਼ਾਮਲ ਕੀਤਾ ਜਾਣਾ ਹੈ ਅਤੇ ਅਜਿਹੇ ਵਿਸ਼ੇਸ਼ ਅਧਿਕਾਰਾਂ ਦੀ ਵਾਪਸੀ;

(ਗ) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦਾ ਦਾਖ਼ਲਾ ਅਤੇ ਅਜਿਹੇ ਰੂਪ ਵਿੱਚ ਉਨ੍ਹਾਂ ਦੇ ਨਾਂ ਦਰਜ ਕਰਨਾ;

(ਘ) ਯੂਨੀਵਰਸਿਟੀ ਦੀਆਂ ਸਾਰੀਆਂ ਡਿਗਰੀਆਂ, ਡਿਪਲੋਮਿਆਂ ਅਤੇ ਸਰਟੀਫਿਕੇਟਾਂ ਲਈ ਨਿਯਤ ਕੀਤੇ ਜਾਣ ਵਾਲੇ ਅਧਿਐਨ ਦੇ ਕੋਰਸ;

(ਙ) ਯੂਨੀਵਰਸਿਟੀ ਦੁਆਰਾ ਦਿੱਤੀਆਂ ਜਾਣ ਵਾਲੀਆਂ ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਅਕਾਦਮਿਕ ਉਪਾਧੀਆਂ, ਉਨ੍ਹਾਂ ਲਈ ਕਾਬਲੀਅਤਾਂ ਅਤੇ ਉਨ੍ਹਾਂ ਨੂੰ ਦੇਣ ਅਤੇ ਪ੍ਰਾਪਤ ਕਰਨ ਸਬੰਧੀ ਲਈਆਂ ਜਾਣ ਵਾਲੀਆਂ ਰਕਮਾਂ;

(ਚ) ਯੂਨੀਵਰਸਿਟੀ ਵਿੱਚ ਅਧਿਐਨ ਦੇ ਕੋਰਸਾਂ ਲਈ ਅਤੇ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ, ਡਿਗਰੀਆਂ, ਡਿਪਲੋਮਿਆਂ ਅਤੇ ਸਰਟੀਫਿਕੇਟਾਂ ਵਿੱਚ ਦਾਖ਼ਲੇ ਲਈ ਲਈਆਂ ਜਾਣ ਵਾਲੀਆਂ ਫ਼ੀਸਾਂ;

(ਛ) ਫ਼ੈਲੋਸ਼ਿਪਾਂ, ਸਕਾਲਰਸ਼ਿਪਾਂ, ਸਟੂਡੈਂਟਸ਼ਿਪਾਂ, ਵਜ਼ੀਫ਼ੇ, ਮੈਡਲ ਅਤੇ ਇਨਾਮ ਦੇਣ ਲਈ ਸ਼ਰਤਾਂ;

(ਜ) ਪ੍ਰੀਖਿਆਵਾਂ ਦਾ ਸੰਚਾਲਨ, ਜਿਸ ਵਿੱਚ ਪ੍ਰੀਖਿਆ ਲੈਣ ਵਾਲੀਆਂ ਬੌਡੀਆਂ, ਪ੍ਰੀਖਿਅਕਾਂ ਅਤੇ ਮਾਡਰੇਟਰਾਂ ਦੇ ਅਹੁਦੇ ਦੀ ਅਉਧ ਅਤੇ ਨਿਯੁਕਤੀ ਦਾ ਤਰੀਕਾ ਅਤੇ ਕਰਤੱਵ ਸ਼ਾਮਲ ਹਨ;

(ਝ) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਵਿਚਕਾਰ ਅਨੁਸ਼ਾਸਨ ਬਣਾਈ ਰੱਖਣਾ;

(ਞ) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦੀ ਰਿਹਾਇਸ਼ ਦੀਆਂ ਸ਼ਰਤਾਂ;

(ਟ) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਉਪਲੱਭਤਾਂ ਅਤੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ;

(ਠ) ਯੂਨੀਵਰਸਿਟੀ ਦੁਆਰਾ ਸਥਾਪਤ ਜਾਂ ਰੱਖ-ਰਖਾਅ ਕੀਤੇ ਗਏ ਸਕੂਲਾਂ ਅਤੇ ਕੇਂਦਰਾਂ ਦਾ ਪ੍ਰਬੰਧ;

(ਡ) ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰਾਂ ਵਿੱਚ ਸ਼ਾਮਲ ਕੀਤੇ ਸਕੂਲਾਂ ਅਤੇ ਕੇਂਦਰਾਂ ਦੀ ਨਿਗਰਾਨੀ ਅਤੇ ਨਿਰੀਖਣ; ਅਤੇ

(ਢ) ਹੋਰ ਸਾਰੇ ਮਾਮਲੇ, ਜੋ ਇਸ ਐਕਟ ਦੁਆਰਾ ਜਾਂ ਵਿਨਿਯਮਾਂ ਦੁਆਰਾ ਉਪਬੰਧਤ ਕੀਤੇ ਜਾਣ।

ਉਪ-ਵਿਨਿਯਮ। 20. (1) ਯੂਨੀਵਰਸਿਟੀ ਦੀਆਂ ਅਥਾਰਟੀਆਂ ਇਸ ਐਕਟ ਅਤੇ ਵਿਨਿਯਮਾਂ ਨਾਲ ਸੰਗਤ ਹੇਠ-ਲਿਖੇ ਸਾਰੇ ਜਾਂ ਕਿਸੇ ਮਾਮਲੇ ਲਈ ਉਪ-ਵਿਨਿਯਮ ਬਣਾ ਸਕਣਗੀਆਂ, ਅਰਥਾਤ:-

(ੳ) ਉਨ੍ਹਾਂ ਦੀਆਂ ਇਕੱਤਰਤਾਵਾਂ ਵਿੱਚ ਅਪਣਾਇਆ ਜਾਣ ਵਾਲਾ ਜ਼ਾਬਤਾ ਅਤੇ ਕੋਰਮ ਬਣਾਉਣ ਲਈ ਲੋੜੀਂਦੇ ਮੈਂਬਰਾਂ ਦੀ ਗਿਣਤੀ ਨਿਯਤ ਕਰਨਾ; ਅਤੇ

(ਅ) ਉਨ੍ਹਾਂ ਸਾਰੇ ਮਾਮਲਿਆਂ ਲਈ ਉਪਬੰਧ ਕਰਨਾ ਜਿਹੜੇ ਇਸ ਐਕਟ ਜਾਂ ਵਿਨਿਯਮਾਂ ਦੁਆਰਾ ਉਲਿਖਤ ਕੀਤੇ ਜਾਣੇ ਹਨ।

(2) ਹਰੇਕ ਅਥਾਰਟੀ, ਅਜਿਹੀ ਅਥਾਰਟੀ ਦੇ ਮੈਂਬਰਾਂ ਨੂੰ ਇਕੱਤਰਤਾਵਾਂ ਦੀਆਂ ਤਰੀਕਾਂ ਦਾ ਅਤੇ ਇਕੱਤਰਤਾਵਾਂ ਵਿੱਚ ਵਿਚਾਰੇ ਜਾਣ ਵਾਲੇ ਕਾਰਜ ਦਾ ਨੋਟਿਸ ਦੇਣ ਅਤੇ ਇਕੱਤਰਤਾਵਾਂ ਦੀਆਂ ਕਾਰਵਾਈ ਰਿਪੋਟਾਂ ਦਾ ਰਿਕਾਰਡ ਰੱਖਣ ਲਈ ਉਪਬੰਧ ਕਰਨ ਲਈ ਉਪ-ਵਿਨਿਯਮ ਬਣਾਏਗੀ।

21. ਰਾਜ ਸਰਕਾਰ, ਸਮੇਂ ਸਮੇਂ ਤੇ, ਯੂਨੀਵਰਸਿਟੀ ਦੀ ਪੂੰਜੀ, ਆਵਰਤੀ ਜਾਂ ਹੋਰ ਖ਼ਰਚਿਆਂ ਨੂੰ ਪੂਰਾ ਕਰਨ ਲਈ ਗ੍ਰਾਂਟਾਂ ਦੇ ਰੂਪ ਵਿੱਚ ਅਜਿਹੀਆਂ ਰਕਮਾਂ ਪ੍ਰਦਾਨ ਕਰ ਸਕੇਗੀ ਜਿਵੇਂ ਉਹ ਉਚਿਤ ਸਮਝੇ। ਫ਼ੰਡਾਂ ਦਾ ਸੰਗ੍ਰਹਿ।

22. ਯੂਨੀਵਰਸਿਟੀ ਦੀ ਸਲਾਨਾ ਰਿਪੋਟ ਤਿਆਰ ਕੀਤੀ ਜਾਵੇਗੀ ਅਤੇ ਬੋਰਡ ਦੀ ਸਲਾਨਾ ਇਕੱਤਰਤਾ ਵਿੱਚ ਪ੍ਰਵਾਨਗੀ ਲਈ ਅਜਿਹੀ ਤਰੀਕ ਨੂੰ ਜਾਂ ਉਸ ਤੋਂ ਪਹਿਲਾਂ ਪੇਸ਼ ਕੀਤੀ ਜਾਵੇਗੀ ਜਿਵੇਂ ਵਿਨਿਯਮਾਂ ਦੁਆਰਾ ਮੁਕੱਰਰ ਕੀਤੀ ਜਾਵੇ। ਸਲਾਨਾ ਰਿਪੋਰਟ।

23. ਯੂਨੀਵਰਸਿਟੀ ਦੀ ਆਮਦਨ ਅਤੇ ਖਰਚੇ ਦੇ ਲੇਖੇ ਹਰੇਕ ਸਾਲ ਇੱਕ ਵਾਰੀ ਰਾਜ ਸਰਕਾਰ ਕੋਲ ਅਜਿਹੀ ਪ੍ਰੀਖਿਆ ਅਤੇ ਆਡਿਟ ਲਈ ਪੇਸ਼ ਕੀਤੇ ਜਾਣਗੇ, ਜਿਵੇਂ ਰਾਜ ਸਰਕਾਰ ਨਿਰਦੇਸ਼ ਦੇਵੇ। ਜਦੋਂ ਖਾਤਿਆਂ ਦਾ ਆਡਿਟ ਹੋ ਜਾਵੇ, ਤਾਂ ਉਨ੍ਹਾਂ ਨੂੰ ਰਾਜ ਸਰਕਾਰ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ। ਸਲਾਨਾ ਲੇਖਾ।

24. ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਕਿਸੇ ਹੋਰ ਬੌਡੀ ਦੁਆਰਾ ਇਸ ਐਕਟ ਅਧੀਨ ਕੀਤਾ ਗਿਆ ਕੋਈ ਕਾਰਜ ਜਾਂ ਕਾਰਵਾਈਆਂ ਸਿਰਫ਼ ਹੇਠ-ਲਿਖੇ ਆਧਾਰਾਂ ਕਾਰਨ ਨਾਜਾਇਜ਼ ਨਹੀਂ ਹੋਣਗੀਆਂ, ਅਰਥਾਤ:- ਖ਼ਾਲੀ ਥਾਵਾਂ ਕਾਰਨ ਅਥਾਰਟੀਆਂ ਅਤੇ ਬੌਡੀਆਂ ਦੇ ਕਾਰਜਾਂ ਜਾਂ ਕਾਰਵਾਈਆਂ ਦਾ ਨਾਜਾਇਜ਼ ਨਾ ਹੋਣਾ।

(ੳ) ਅਥਾਰਟੀ ਜਾਂ ਬੋਡੀ ਦੇ ਗਠਨ ਵਿੱਚ ਖ਼ਾਲੀ ਥਾਂ ਜਾਂ ਤਰੁੱਟੀ ਹੈ;

(ਅ) ਉਸ ਦੇ ਮੈਂਬਰ ਵਜੋਂ ਕਾਰਜ ਕਰ ਰਹੇ ਵਿਅਕਤੀ ਦੀ ਨਾਮਜ਼ਦਗੀ ਜਾਂ ਨਿਯੁਕਤੀ ਵਿੱਚ ਤਰੁੱਟੀ ਜਾਂ ਬੇਕਾਇਦਗੀ ਹੈ; ਅਤੇ

(ੲ) ਅਜਿਹੇ ਕਾਰਜ ਜਾਂ ਕਾਰਵਾਈ ਵਿੱਚ ਤਰੁੱਟੀ ਜਾਂ ਬੇਕਾਇਦਗੀ ਜੋ ਮਾਮਲੇ ਦੇ ਗੁਣਾਂ ਨੂੰ ਪ੍ਰਭਾਵਤ ਨਹੀਂ ਕਰਦੀ ਹੈ।

25. ਜੇ ਕੋਈ ਸਵਾਲ ਪੈਦਾ ਹੁੰਦਾ ਹੈ ਕਿ ਕਿਸੇ ਵਿਅਕਤੀ ਨੂੰ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਦਾ ਮੈਂਬਰ ਬਣਨ ਲਈ ਠੀਕ ਤੌਰ ਤੇ ਨਾਮਜ਼ਦ ਜਾਂ ਅਥਾਰਟੀਆਂ ਅਤੇ ਬੌਡੀਆਂ ਦੇ ਗਠਨ ਬਾਰੇ ਝਗੜੇ।

ਨਿਯੁਕਤ ਕੀਤਾ ਗਿਆ ਹੈ ਜਾਂ ਉਹ ਹੱਕਦਾਰ ਹੈ, ਤਾਂ ਮਾਮਲਾ ਚਾਂਸਲਰ ਨੂੰ ਭੇਜਿਆ ਜਾਵੇਗਾ, ਜਿਸ ਦਾ ਉਸ ਤੇ ਫ਼ੈਸਲਾ ਅੰਤਿਮ ਹੋਵੇਗਾ।

ਰਾਜ ਸਰਕਾਰ ਦੀਆਂ ਸ਼ਕਤੀਆਂ।

26. (1) ਰਾਜ ਸਰਕਾਰ ਕੋਲ ਨੀਤੀ ਦੇ ਕਿਸੇ ਮਾਮਲੇ ਬਾਬਤ ਜਾਂ ਯੂਨੀਵਰਸਿਟੀ ਦੁਆਰਾ ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਬਣਾਏ ਗਏ ਵਿਨਿਯਮਾਂ ਦੀ ਉਲੰਘਣਾ ਵਿੱਚ ਕੀਤੇ ਗਏ ਕਿਸੇ ਵੀ ਕਾਰਜ ਦੇ ਬਾਰੇ ਵਿੱਚ ਯੂਨੀਵਰਸਿਟੀ ਨੂੰ ਹਵਾਲਾ ਕਰਨ ਦੀਆਂ ਸ਼ਕਤੀਆਂ ਹੋਣਗੀਆਂ।

(2) ਯੂਨੀਵਰਸਿਟੀ, ਉਪ-ਧਾਰਾ (1) ਅਧੀਨ ਕੀਤੇ ਗਏ ਹਵਾਲੇ ਤੇ ਕਾਰਵਾਈ, ਜੇ ਕੋਈ ਹੋਵੇ, ਜੋ ਉਹ ਕਰਨ ਦੀ ਤਜਵੀਜ਼ ਰੱਖਦੀ ਹੈ ਜਾਂ ਕਾਰਵਾਈ ਕੀਤੀ ਗਈ ਹੈ, ਬਾਰੇ ਰਾਜ ਸਰਕਾਰ ਨੂੰ ਰਿਪੋਟ ਕਰੇਗੀ, ਅਤੇ ਜੇ ਉਹ ਕਾਰਵਾਈ ਕਰਨ ਵਿੱਚ ਅਸਫ਼ਲ ਰਹਿੰਦੀ ਹੈ, ਤਾਂ ਰਾਜ ਸਰਕਾਰ ਨੂੰ ਸਪੱਸ਼ਟੀਕਰਨ ਪੇਸ਼ ਕਰੇਗੀ।

(3) ਜੇ, ਯੂਨੀਵਰਸਿਟੀ ਵਾਜਬ ਸਮੇਂ ਦੇ ਅੰਦਰ ਰਾਜ ਸਰਕਾਰ ਦੀ ਤਸੱਲੀ ਅਨੁਸਾਰ ਅਜਿਹੇ ਹਵਾਲੇ ਤੇ ਕਾਰਵਾਈ ਕਰਨ ਵਿੱਚ ਅਸਫ਼ਲ ਰਹਿੰਦੀ ਹੈ, ਤਾਂ ਉਹ ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਗਏ ਸਪੱਸ਼ਟੀਕਰਨ ਤੇ ਵਿਚਾਰ ਕਰਨ ਤੋਂ ਪਿੱਛੋਂ, ਇਸ ਐਕਟ ਦੇ ਸੰਗਤ ਅਜਿਹੇ ਨਿਰਦੇਸ਼ ਜਾਰੀ ਕਰ ਸਕੇਗੀ, ਜਿਵੇਂ ਰਾਜ ਸਰਕਾਰ ਜ਼ਰੂਰੀ ਸਮਝੇ ਅਤੇ ਯੂਨੀਵਰਸਿਟੀ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰੇਗੀ।

(4) ਰਾਜ ਸਰਕਾਰ, ਕਿਸੇ ਵੀ ਸਮੇਂ, ਯੂਨੀਵਰਸਿਟੀ ਦੇ ਉਚਿਤ ਅਤੇ ਪ੍ਰਭਾਵੀ ਕਾਰਜਕਾਰਤਾ ਬਾਰੇ ਅਤੇ ਯੂਨੀਵਰਸਿਟੀ ਦੇ ਪ੍ਰਸ਼ਾਸਨ ਅਤੇ ਵਿੱਤਾਂ ਨਾਲ ਮੁਤੱਲਕ ਕਿਸੇ ਮਾਮਲੇ ਬਾਰੇ ਤਸੱਲੀ ਕਰਨ ਲਈ, ਕਿਸੇ ਅਜਿਹੀ ਅਥਾਰਟੀ ਜਾਂ

ਵਿਅਕਤੀ ਦੁਆਰਾ ਯੂਨੀਵਰਸਿਟੀ ਦੇ ਕਾਰ-ਵਿਹਾਰਾਂ ਵਿੱਚ ਨਿਰੀਖਣ ਜਾਂ ਜਾਂਚ ਲਈ ਪ੍ਰਬੰਧ ਕਰ ਸਕੇਗੀ, ਜਿਵੇਂ ਉਹ ਉਲਿਖਤ ਕਰੇ।

(5) ਯੂਨੀਵਰਸਿਟੀ ਉਪ-ਧਾਰਾ (4) ਵਿੱਚ ਹਵਾਲਾ ਕੀਤੇ ਗਏ ਨਿਰੀਖਣ ਜਾਂ ਜਾਂਚ-ਪੜਤਾਲ ਵਿੱਚ ਆਪਣੀ ਪ੍ਰਤੀਨਿਧਤਾ ਕਰਨ ਲਈ ਕਿਸੇ ਵਿਅਕਤੀ ਨੂੰ ਅਧਿਕਾਰਤ ਕਰ ਸਕੇਗੀ।

(6) ਉਪ-ਧਾਰਾ (4) ਵਿੱਚ ਹਵਾਲਾ ਕੀਤੇ ਗਏ ਨਿਰੀਖਣ ਜਾਂ ਜਾਂਚ-ਪੜਤਾਲ ਦੀ ਰਿਪੋਟ ਪ੍ਰਾਪਤ ਹੋਣ 'ਤੇ, ਰਾਜ ਸਰਕਾਰ ਇਸ ਦੀ ਪ੍ਰੀਖਿਆ ਕਰ ਸਕੇਗੀ ਅਤੇ ਯੂਨੀਵਰਸਿਟੀ ਨੂੰ ਅਜਿਹੇ ਨਿਰਦੇਸ਼ ਦੇ ਸਕੇਗੀ, ਜਿਵੇਂ ਇਹ ਜ਼ਰੂਰੀ ਸਮਝੇ।

(7) ਉਪ-ਧਾਰਾ (6) ਅਧੀਨ ਦਿੱਤੇ ਗਏ ਨਿਰਦੇਸ਼ਾਂ ਦੀ ਪ੍ਰਾਪਤੀ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਅੰਦਰ ਵਾਈਸ-ਚਾਂਸਲਰ, ਉਕਤ ਨਿਰਦੇਸ਼ਾਂ ਦੇ ਅਨੁਸਰਣ ਵਿੱਚ ਯੂਨੀਵਰਸਿਟੀ ਦੁਆਰਾ ਕੀਤੀ ਗਈ ਕਾਰਵਾਈ ਬਾਰੇ ਰਾਜ ਸਰਕਾਰ ਨੂੰ ਇਤਲਾਹ ਭੇਜੇਗਾ।

(8) ਉਪ-ਧਾਰਾ (7) ਵਿੱਚ ਉਲਿਖਤ ਕੀਤੀ ਮੁੱਦਤ ਦੇ ਗੁਜ਼ਰਣ ਤੇ, ਰਾਜ ਸਰਕਾਰ, ਵਾਈਸ-ਚਾਂਸਲਰ ਤੋਂ ਪ੍ਰਾਪਤ ਇਤਲਾਹ, ਜੇ ਕੋਈ ਹੋਵੇ, ਤੇ ਵਿਚਾਰ ਕਰਨ ਤੋਂ ਪਿੱਛੋਂ, ਯੂਨੀਵਰਸਿਟੀ ਨੂੰ ਅਜਿਹੇ ਨਿਰਦੇਸ਼ ਜਾਰੀ ਕਰ ਸਕੇਗੀ ਜਿਵੇਂ ਉਹ ਜ਼ਰੂਰੀ ਸਮਝੇ ਅਤੇ ਯੂਨੀਵਰਸਿਟੀ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰੇਗੀ।

ਰਾਜ ਸਰਕਾਰ ਨੂੰ ਮਤਿਆਂ ਦੀ ਸੰਸੂਚਨਾ।

27. ਯੂਨੀਵਰਸਿਟੀ ਦੁਆਰਾ ਪਾਸ ਕੀਤੇ ਗਏ ਹਰੇਕ ਮਤੇ ਨੂੰ ਅਜਿਹੇ ਮਤੇ ਦੇ ਪਾਸ ਹੋਣ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਅੰਦਰ ਰਾਜ ਸਰਕਾਰ ਨੂੰ ਸੰਸੂਚਤ ਕੀਤਾ ਜਾਵੇਗਾ।

ਰਾਜ ਸਰਕਾਰ ਦੀਆਂ ਯੂਨੀਵਰਸਿਟੀ ਦੇ ਮਤੇ ਨੂੰ ਮੁਅੱਤਲ ਜਾਂ ਮਨਸੂਖ ਕਰਨ ਦੀਆਂ ਸ਼ਕਤੀਆਂ।

28. ਜੇ ਰਾਜ ਸਰਕਾਰ ਦੀ ਰਾਏ ਵਿੱਚ, ਯੂਨੀਵਰਸਿਟੀ ਦਾ ਮਤਾ ਜਨਹਿੱਤ ਵਿੱਚ ਨਹੀਂ ਹੈ ਜਾਂ ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਵਿਨਿਯਮਾਂ ਦੇ ਉਪਬੰਧਾਂ ਦੇ ਅਨੁਰੂਪ ਨਹੀਂ ਹੈ, ਤਾਂ ਰਾਜ ਸਰਕਾਰ, ਲਿਖਤੀ ਹੁਕਮ ਦੁਆਰਾ, ਅਜਿਹੇ ਮਤੇ ਦੇ ਪਰਿਪਾਲਣ ਨੂੰ ਮੁਅੱਤਲ ਕਰ ਸਕੇਗੀ:

ਪਰੰਤੂ ਉਹ ਮਤਾ, ਜਿਸ ਦਾ ਪਰਿਪਾਲਣ ਰਾਜ ਸਰਕਾਰ ਦੁਆਰਾ ਮੁਅੱਤਲ ਕੀਤਾ ਜਾਂਦਾ ਹੈ, ਯੂਨੀਵਰਸਿਟੀ ਨੂੰ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਵਾਜਬ ਮੌਕਾ ਦੇਣ ਤੋਂ ਬਿਨਾਂ ਮਨਸੂਖ ਨਹੀਂ ਕੀਤਾ ਜਾਵੇਗਾ।

ਰਾਜ ਸਰਕਾਰ ਵੱਲੋਂ ਨਿਰਦੇਸ਼ ਦੇਣਾ।

29. ਰਾਜ ਸਰਕਾਰ, ਯੂਨੀਵਰਸਿਟੀ ਨੂੰ ਅਜਿਹੇ ਨਿਰਦੇਸ਼ ਜਾਰੀ ਕਰ ਸਕੇਗੀ, ਜੋ ਉਸ ਦੀ ਰਾਏ ਵਿੱਚ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਵਿਨਿਯਮਾਂ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਜਾਂ ਜਨਤਕ ਹਿੱਤ ਵਿੱਚ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਹਨ, ਅਤੇ ਯੂਨੀਵਰਸਿਟੀ ਅਜਿਹੇ ਸਾਰੇ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵੇਗੀ।

ਰਾਜ ਸਰਕਾਰ ਦੀ ਕਠਨਾਈਆਂ ਦੂਰ ਕਰਨ ਦੀ ਸ਼ਕਤੀ।

30. ਜੇ ਯੂਨੀਵਰਸਿਟੀ ਦੀ ਸਥਾਪਨਾ ਦੇ ਬਾਰੇ ਵਿੱਚ ਜਾਂ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਦੀ ਪਹਿਲੀ ਇਕੱਤਰਤਾ ਦੇ ਸਬੰਧ ਵਿੱਚ ਜਾਂ ਹੋਰਵੇਂ ਇਸ ਐਕਟ ਦੇ ਉਪਬੰਧਾਂ ਨੂੰ ਪਹਿਲੇ ਪੜਾਅ ਤੇ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ ਕਿਸੇ ਸਮੇਂ, ਯੂਨੀਵਰਸਿਟੀ ਦੀ ਕਿਸੇ ਅਥਾਰਟੀ ਦੇ ਗਠਨ ਤੋਂ ਪਹਿਲਾਂ, ਹੁਕਮ ਦੁਆਰਾ ਕੋਈ ਨਿਯੁਕਤੀਆਂ ਕਰ ਸਕੇਗੀ ਜਾਂ ਕੁੱਝ ਵੀ ਕਰ ਸਕੇਗੀ ਜਿੱਥੋਂ ਤੱਕ ਉਹ ਇਸ ਐਕਟ ਦੇ ਉਪਬੰਧਾਂ ਦੇ ਸੰਗਤ ਹੋਵੇ, ਜੋ ਇਸ ਨੂੰ ਕਠਨਾਈ ਨੂੰ ਦੂਰ ਕਰਨ ਦੇ ਪ੍ਰਯੋਜਨ ਲਈ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਪ੍ਰਤੀਤ ਹੋਣ। ਹਰੇਕ ਅਜਿਹਾ ਹੁਕਮ ਇਸ ਤਰ੍ਹਾਂ ਪ੍ਰਭਾਵੀ ਹੋਵੇਗਾ ਜਿਵੇਂ ਅਜਿਹੀ

ਨਿਯੁਕਤੀ ਜਾਂ ਕਾਰਵਾਈ ਇਸ ਐਕਟ ਵਿੱਚ ਉਪਬੰਧਤ ਤਰੀਕੇ ਨਾਲ ਕੀਤੀ ਗਈ ਜਾਂ ਕਾਰਵਾਈ ਕੀਤੀ ਗਈ ਹੋਵੇ।

**ਬੀ.ਬੀ.ਐੱਸ.ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

*3692/4-2026/Pb. Govt. Press, S.A.S. Nagar*